# ਸੋਧ

ਜਨਵਰੀ 1979 (ਜਿਲਦ 8 ਨੰਬਰ 1)

**January 1979**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Rs. 1.50

JANUARY 1979
Vol. 8
No. 1

# ਸੇਧ

ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ

⊙ ਚੀਨ ਦਾ ਸਮਾਜਵਾਦੀ ਇਨਕਲਾਬ ਕਿਧਰ ਨੂੰ ?– 1
ਪਰੋਲਤਾਰੀਆ ਦਾ ਇਤਿਹਾਸਕ ਰੋਲ
ਸਾਡੇ "ਮਾਰਕਸਵਾਦੀਆਂ" ਦੇ ਕੁਝ ਭੁਲੇਖੇ — ਕਿਸ਼ਨ ਸਿੰਘ

⊙ ਜਾਤ-ਪਾਤੀ ਪ੍ਰਬੰਧ ਕੇਵਲ ਹਿੰਦ ਵਿਚ — ਜਗਜੀਤ ਸਿੰਘ

⊙ ਪੰਜਾਬ ਵਿਚ ਮਾਰਕਸਵਾਦ—12
ਕਿਸਾਨੀ ਤੇ ਖੱਬੇ-ਪੱਖੀ ਲਹਿਰ — ਭਗਵਾਨ ਸਿਘ ਜੋਸ਼

⊙ ਸਿੱਖ-ਨਿਰੰਕਾਰੀ ਝਗੜੇ ਦਾ ਤਬਕਾਤੀ ਪਹਿਲੂ — ਸੁਰਜੀਤ ਗਿੱਲ

⊙ ਗੁਰਦਿਆਲ ਸਿੰਘ ਦਾ ਨਾਵਲ "ਅਧ ਚਾਨਣੀ ਰਾਤ"
"...ਤੈਨੂੰ ਟਕਰੂ ਸੰਸਰੀ ਆਲਾ" — ਕਿਸ਼ਨ ਸਿੰਘ

⊙ ਪ੍ਰੀਤ-ਫਲਸਫ਼ੇ ਦੀ ਸ਼ਵ-ਪ੍ਰੀਖਿਆ—3
ਆਸ਼ਕੀ ਦੇ ਮੂਲ ਆਧਾਰ — ਹਿੰਮਤ ਸਿੰਘ ਸੋਢੀ

⊙ ਵਿਚਾਰ-ਵਟਾਂਦਰਾ
"ਚੂ ਕੁਫ਼ਰ ਅਜ਼ ਕਾਅਬਾ" ਬਾਰੇ — ਹ. ਸ. ਸੋਬਤੀ
ਆਓ, ਸੇਧ ਲਭੀਏ — ਜਸਵੰਤ ਸਿੰਘ ਰਾਹੀ

Edited, Printed & Published by
Gurvel Singh Pannu,

S E D H, A/42, Defence Colony,
New Delhi-110024 Ph. No. 626300

Hony. Co Editor
Harcharan Singh Sobti

Printed at 'LOK PRINTERS'
A1/12 Krishan Nagar, Delhi-51.

## ਰਿਆਇਤ ਦਾ ਐਲਾਨ

* ਵੀਹ ਰੁਪੈ ਮਨੀ ਆਰਡਰ ਦੁਆਰਾ ਭੇਜ ਕੇ ਤੁਸੀਂ ਸਾਲ ਭਰ ਲਈ ਘਰ ਬੈਠੇ ਸੇਧ ਵੀ ਪ੍ਰਾਪਤ ਕਰੋ—ਅਤੇ ਇਹਨਾਂ ਦੋਹਾਂ ਕਿਤਾਬਾਂ ਵਿਚ ਇਕ ਕਿਤਾਬ ਵੀ (ਜਿਹੜੀ ਤੁਸੀਂ ਚਾਹੋ) ਹਾਸਿਲ ਕਰੋ—

  **ਮਾਂ-ਬੋਲੀ ਪੰਜਾਬੀ ਅਜੋਕੀ ਸਥਿਤੀ ਅਤੇ ਸਮਸਿਆਵਾਂ ਅਤੇ**
  **ਗੁਰਬਾਣੀ ਦਾ ਸੱਚ** (ਲੇਖਕ ਕਿਸ਼ਨ ਸਿੰਘ)
  (ਇਹਨਾਂ ਦੋਹਾਂ ਕਿਤਾਬਾਂ ਦਾ ਮੁੱਲ ਵੈਸੇ ਦਸ ਦਸ ਰੁਪੈ ਹੈ। ਕਿਤਾਬ ਭੇਜਣ ਦਾ ਡਾਕ-ਖ਼ਰਚ ਸਾਡਾ ਹੋਵੇਗਾ।)

---

## ਪ੍ਰਾਪਤ ਪੁਸਤਕਾਂ

ਕਬੂਤਰਾਂ ਦੀ ਪ੍ਰਵਾਜ਼, ਪ੍ਰੀਤਮ ਸਿੰਘ, ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ; ਸਫ਼ੇ 99, ਮੁਲ : ਦਸ ਰੁਪੈ।

---

## ਬੇਨਤੀ

ਸੇਧ ਲਈ ਲਿਖਣ ਵਾਲੇ ਵਿਦਵਾਨਾਂ, ਲੇਖਕਾਂ ਨੂੰ ਸਾਡੀ ਬੇਨਤੀ ਹੈ ਕਿ ਉਹ

* ਕਾਗਜ਼ ਦੇ ਇਕ ਬੰਨੇ ਹੀ ਲਿਖਿਆ ਕਰਨ, ਖੁਲ੍ਹਾ ਹਾਸ਼ੀਆ ਛਡ ਕੇ ਲਿਖਿਆ ਕਰਨ ਅਤੇ ਖੁਲ੍ਹਾ ਖੁਲ੍ਹਾ ਸਾਫ ਸਾਫ ਲਿਖਿਆ ਕਰਨ;
* ਅੰਗਰੇਜ਼ੀ ਵਿਚ ਜੇ ਟੂਕਾਂ ਦੇਣੀਆਂ ਹੋਣ ਤਾਂ (ਜੇ ਸੰਭਵ ਹੋ ਸਕੇ) ਥੋੜਾ ਕਸ਼ਟ ਕਰ ਕੇ ਵਖਰੇ ਕਾਗਜ਼ 'ਤੇ ਟਾਈਪ ਕਰਵਾ ਕੇ ਨਾਲ ਨੱਥੀ ਕਰ ਦਿਆ ਕਰਨ;
* ਸ਼ਬਦਾਂ ਦੇ ਹਿੱਜੇ (ਸਪੈਲਿੰਗਜ਼) ਸੁਰਗਵਾਸੀ ਸ. ਤੇਜਾ ਸਿੰਘ ਵਾਲੇ ਰਖਣ, ਪੰਜਾਬੀ ਦੇ ਉਚਾਰਣ ਅਨੁਸਾਰ। ਹਿੰਦੀ ਦੀ ਨਕਲ ਕਰ ਕੇ ਆਰਥਕ, ਸਮਾਜਕ, ਪਰਵਾਰ ਆਦਿ ਜਿਹੇ ਸ਼ਬਦਾਂ ਵਿਚ ਖ਼ਾਹਮਖ਼ਾਹ ਸਿਹਾਰੀਆਂ ਨਾ ਫਸਾਇਆ ਕਰਨ। ਏਸੇ ਤਰ੍ਹਾਂ ਹੀ ਨ ਤੇ ਣ ਦੀ ਸਹੀ ਵਰਤੋਂ ਕਰਨ ਜਿਵੇਂ ਬਣਾਵਟ, ਬਣਨ ਆਦਿ ਸ਼ਬਦਾਂ ਵਿਚ।
* ਅਗਲੇ ਅੰਕ ਵਿਚ ਜਾਣ ਵਾਲੇ ਲੇਖ, ਚਿੱਠੀਆਂ ਆਦਿ ਸਾਡੇ ਤਕ ਹਰ ਹਾਲਤ ਵਿਚ ਚਾਲੂ ਮਹੀਨੇ ਦੀ ਬਾਰਾਂ ਤਾਰੀਖ਼ ਤਕ ਪੁਜ ਜਾਣੇ ਚਾਹੀਦੇ ਹਨ। ਅਗਲੇ ਅੰਕ ਦਾ ਮੈਟਰ ਤੇਰ੍ਹਾਂ ਤਾਰੀਖ਼ ਨੂੰ ਪ੍ਰੈਸ 'ਚ ਦੇਣਾ ਪੈਂਦਾ ਹੈ। ਪਰਚਾ ਪੰਝੀ ਤਾਰੀਖ਼ ਨੂੰ ਛਪ ਕੇ ਤਿਆਰ ਹੋ ਜਾਂਦਾ ਹੈ ਅਤੇ ਸਤਾਈ ਨੂੰ ਡਾਕੇ ਪਾਇਆ ਜਾਂਦਾ ਹੈ।

---


Send subscriptions & donations to :

* Mrs. S. SAINI
  95, BURNS AVE.,
  SOUTHALL, MIDDX
  U.K.
* Mr. G. S. PANNU
  3368 E, 27th AVE.,
  VANCOUVER-16 (B.C.)
  CANADA

Price : Rs. 1.50 per copy
Subscription :
Annual (India) : Rs. 15
U.K., U.S.A., Canada : £ 5 / $10
(By Air); £2.50 / $5 (By Sea)
(Pakistan) : Rs. 30
Life membership : Rs. 100 (India);
£50 / $100 (By Air) : £ 25/
$50 (By Sea)




ਕਿਸ਼ਨ ਸਿੰਘ

---

# ਪਰੋਲਤਾਰੀਆ ਦਾ ਇਤਿਹਾਸਕ ਰੋਲ

## ਸਾਡੇ "ਮਾਰਕਸਵਾਦੀਆਂ" ਦੇ ਕੁਝ ਭੁਲੇਖੇ

[ਚੀਨ ਦੀ ਕਮਿਊਨਿਸਟ ਪਾਰਟੀ ਨੇ 1949 ਵਿਚ ਇਨਕਲਾਬ ਲਿਆਉਣ ਦਾ ਕੰਮ ਮੁਕੰਮਲ ਕੀਤਾ। ਦੇਸ਼ ਦੀ ਪ੍ਰਬੰਧਕ ਤੇ ਸਿਧਾਂਤਕ ਵਾਗ-ਡੋਰ ਕਮਿਊਨਿਸਟਾਂ ਦੇ ਹੱਥ ਆ ਗਈ। ਮਾਓ ਦੀ ਅਗਵਾਈ ਹੇਠ ਚੀਨ ਦੀ ਕਮਿਊਨਿਸਟ ਪਾਰਟੀ ਨੇ ਇਕ ਸਦੀ ਦੇ ਚੌਥਾਈ ਹਿੱਸੇ ਤੋਂ ਰਤਾ ਕੁ ਵਧ ਸਮੇਂ ਦੇ ਦੌਰਾਨ ਇਨਕਲਾਬੀ ਵਿਚਾਰਧਾਰਾ ਨੂੰ ਵਿਕਸਤ ਕੀਤਾ, ਮਾਰਕਸਵਾਦ ਨੂੰ, ਪਾਰਟੀ ਨੂੰ, ਦੇਸ਼ ਦੇ ਲੋਕਾਂ ਨੂੰ ਵਿਕਾਸ ਦੀ ਅਗਲੀ ਪੌੜੀ ਚੜ੍ਹਾਇਆ। ਮਾਓ ਦੀ ਮੌਤ ਤੋਂ ਪਿਛੋਂ ਛੇਤੀ ਹੀ ਪੱਹੀਆ ਪਹਿਲਾਂ ਖਲੋਣ ਖਲੋਣ ਕਰਨ ਲਗਾ ਅਤੇ ਮੁੜ ਹਥੋਂ ਭੌਣੀ ਦਾ ਦਸਤਾ ਅਚਾਨਕ ਛੁਟ ਜਾਣ 'ਤੇ ਭੌਣੀ ਦੇ ਉਲਟੇ ਦਾਅ ਤੇਜ਼ੀ ਨਾਲ ਘੁੰਮ ਜਾਣ ਵਾਂਗ ਚੱਕਰ ਹੀ ਉਲਟਾ ਚਲ ਪਿਆ।

ਇਸ "ਕੌਤਕ" ਨੂੰ ਜੇ ਦੋਂਹ ਲਫ਼ਜ਼ਾਂ ਵਿਚ ਹੀ ਕਹਿਣਾ ਹੋਵੇ ਤਾਂ ਇਹ ਕਹਿ ਕੇ ਗੱਲ ਮੁਕਾਈ ਜਾ ਸਕਦੀ ਹੈ ਕਿ ਚੀਨ ਸਮਾਜਵਾਦੀ ਇਨਕਲਾਬ ਦਾ ਰਾਹ ਛੱਡ ਕੇ, ਮਾਰਕਸਵਾਦ-ਮਾਓਵਾਦ ਦਾ ਰਾਹ ਛੱਡ ਕੇ ਉਲਟ-ਇਨਕਲਾਬ ਦੇ ਰਾਹ ਪੈ ਤੁਰਿਆ ਹੈ। ਇਸ ਦੀ ਪੁਸ਼ਟੀ ਵਿਚ ਦੋ, ਚਾਰ, ਦਸ ਤੱਥ ਤੇ ਕੁਝ ਅੰਕੜੇ ਦੇ ਕੇ ਗੱਲ ਨੂੰ "ਫ਼ੈਸਲਾ ਹੋ ਗਿਆ" ਦੀ ਹਦ 'ਤੇ ਪਹੁੰਚਾ ਕੇ ਮੁਕਾਇਆ ਜਾ ਸਕਦਾ ਹੈ। ਪਰ ਕੀ ਇੰਜ ਕਰਨਾ ਕਾਫੀ ਹੋਵੇਗਾ ? ਕੀ ਇਸ ਨਾਲ ਸਾਡੀ ਸਮਝ ਬੂਝ ਵਿਚ. ਵਾਧਾ ਹੋ ਜਾਵੇਗਾ ? ਕੀ ਅਸੀਂ ਇਤਨੇ ਕੁ "ਗਿਆਨ" ਦੀ ਲੋਅ ਵਿਚ, ਵਕਤ ਆਉਣ 'ਤੇ, ਇਨਕਲਾਬ ਕਰ ਕੇ...ਫਿਰ ਇਨਕਲਾਬ ਦੇ ਪੁੱਠੇ ਰਾਹ ਪੈ ਜਾਣ ਦੇ "ਭਾਣੇ" ਤੋਂ ਆਪਣੇ ਆਪ ਨੂੰ ਬਚਾ ਲਵਾਂਗੇ ?

ਚੀਨ ਵਿਚ ਵਾਪਰ ਰਹੇ "ਕੌਤਕ" ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਸਮਾਜਵਾਦੀ ਇਨਕਲਾਬ ਕਰ ਲੈਣ ਅਤੇ ਸਫਲਤਾ ਨਾਲ ਇਸ ਨੂੰ ਸਿਰੇ ਚੜ੍ਹਾ ਲੈਣ ਦੇ ਪੂਰੇ ਅਮਲ ਨੂੰ ਡੂੰਘਾਈ ਵਿਚ ਵੇਖਣਾ ਪਵੇਗਾ। ਇਹ ਹਥਲੀ ਲੇਖ-ਲੜੀ ਇਸ ਪਾਸੇ ਵਲ ਹੀ ਇਕ ਜਤਨ ਦੀ ਨਿਆਈਂ

ਹੈ। ਇਸ ਸਾਰੇ ਮਸਲੇ ਦੀ ਵਿਸਥਾਰ ਵਿਚ ਕੀਤੀ ਫੋਲਾ ਫਾਲੀ ਹੀ ਸਾਨੂੰ ਗੱਲ ਦੀ ਗੁੱਲੀ ਨੂੰ ਅਤੇ ਗੱਲ ਦੇ ਪੂਰੇ ਫ਼ੈਲਾਅ ਨੂੰ ਸਮਝਣ ਵਿਚ ਸਹਾਈ ਹੋ ਸਕਦੀ ਹੈ।

ਸਾਡੇ ਜਿਹੜੇ "ਕਾਮਰੇਡ" ਨੱਕ ਚਾੜ੍ਹ ਕੇ ਇਹ ਕਹਿੰਦੇ ਹਨ ਕਿ ਕਿਸ਼ਨ ਸਿੰਘ ਆਪਣੇ ਕਹੇ ਨੂੰ ਹੀ ਦੁਹਰਾਈ ਜਾਂਦਾ ਹੈ ਅਤੇ ਇਹ ਦੁਹਰਾਉ ਬੇਲੋੜਾ ਹੈ, ਉਹ ਇਕ ਗੱਲ ਭੁਲ ਜਾਂਦੇ ਹਨ ਕਿ ਜਿਸ ਕਿਸਮ ਦਾ ਕੰਮ ਕਿਸ਼ਨ ਸਿੰਘ ਕਰ ਰਿਹਾ ਹੈ, ਦੁਹਰਾ ਉਸ ਵਿਚ inbuilt ਹੈ। ਮਾਰਕਸਵਾਦੀ ਦੀ ਇਹ ਸਮਝ ਅਤੇ ਮਾਰਕਸਵਾਦ ਵਿਚ ਇਹ ਵਾਧਾ ਸਾਡੇ ਇਥੋਂ ਦੇ "ਕਾਮਰੇਡ ਨੇਤਾਵਾਂ" ਲਈ ਬਿਲਕੁਲ ਨਵਾਂ ਹੈ। ਨਵਾਂ ਹੋਣ ਕਰਕੇ ਹੀ ਉਹ ਇਸ ਵਲੋਂ ਬੂਥੀ ਵਟਦੇ ਹਨ। ਉਹਨਾਂ ਸਦਾ ਗੱਲ ਸੁਣੀ ਤੇ ਕੀਤੀ ਹੀ ਪੈਦਾਵਾਰ ਦੇ ਸਾਧਨਾਂ ਦੀ ਅਤੇ ਉਹਨਾਂ ਉਤੇ ਕਬਜ਼ਾ ਕਰ ਲੈਣ ਦੀ ਹੈ; ਪੈਦਾਵਾਰ ਦੇ ਰਿਸ਼ਤਿਆਂ ਦੀ ਗੱਲ ਦਾ ਉਹ ਊੜਾ ਐੜਾ ਵੀ ਨਹੀਂ ਜਾਣਦੇ।

ਮਾਰਕਸਵਾਦ ਦੀ ਇਹ ਸਮਝ ਮਨਾਂ ਨੂੰ ਵੱਜੇ ਜਿੰਦਰੇ ਖੋਲ੍ਹਣ ਵਾਲੀ ਗੱਲ ਹੈ। ਇਕ ਸੱਟ ਨਾਲ ਕਿਹੜਾ ਜੰਗਾਲਿਆ ਜਿੰਦਰਾ ਟੁਟਦਾ ? ਇਹ ਬੰਦੇ ਦੀ, ਪਾਰਟੀ ਕਾਡਰ ਦੀ ਕਾਇਆਂ-ਕਲਪ ਦਾ ਮਸਲਾ ਹੈ। ਦੁਹਰਾਉ ਤਾਂ ਕਰਨਾ ਹੀ ਪੈਣਾ ਹੈ। ਨਾਲੇ ਜੇ ਇਹ ਪੁਛ ਲਈਏ ਕਿ ਕਿਸ਼ਨ ਸਿੰਘ ਦੇ ਇਕ ਜਾਂ ਚਹੁੰ ਲੇਖਾਂ ਨੂੰ ਪੜ੍ਹ ਕੇ ਕਿੰਨੇ ਕੁ ਮਾਰਕਸਵਾਦੀਆਂ ਨੇ ਗੱਲ ਦਾ ਪੂਰਾ ਥਹੁ ਪਾ ਲਿਆ ਹੈ ? ਜਾਂ ਮਾਰਕਸਵਾਦ ਦੀ ਉਸ ਵਲੋਂ ਕੀਤੀ ਗਈ ਵਿਆਖਿਆ ਨੂੰ ਕਿੰਨਿਆਂ ਨੇ ਆਪਣੀ ਮਾਨਸਕ ਬਣਤਰ ਅਤੇ ਆਪਣੇ ਜਜ਼ਬੇ ਦਾ ਅੰਗ ਬਣਾ ਲਿਆ ਹੈ ? ਜਾਂ, ਦੂਜੇ ਪਾਸੇ, ਕਿੰਨੇ ਮਾਰਕਸਵਾਦੀਆਂ ਨੇ ਉਸ ਦੀ ਵਿਆਖਿਆ ਨੂੰ ਦਲੀਲ ਨਾਲ ਕਟ ਕੇ, ਗ਼ਲਤ ਸਾਬਤ ਕਰ ਕੇ ਕੌਡੀ ਦਾ ਕਰ ਛਡਿਆ ਹੈ ?...ਜੇ ਇਹਨਾਂ 'ਚੋਂ ਹਾਲੇ ਕੋਈ ਗੱਲ ਵੀ ਨਹੀਂ ਹੋਈ ਤਾਂ ਫਿਰ "ਬੇਲੋੜੇ ਦੁਹਰਾ" ਦੀ ਗੱਲ ਕਰਨਾ ਐਵੇਂ ਆਪਣੀ ਮੂਰਖਤਾ ਦੀ ਨੁਮਾਇਸ਼ ਕਰਨ ਵਾਲੀ ਗੱਲ ਹੀ ਹੈ। ਨੱਕ ਚਾੜ੍ਹਨ ਦਾ ਐਵੇਂ ਕੀ ਫਾਇਦਾ ? ਸਿਆਣਾ ਬੰਦਾ ਘੋੜੇ ਨੂੰ ਪਾਣੀ ਪੇਸ਼ ਹੀ ਕਰ ਸਕਦਾ ਹੈ, ਵਾਰ ਵਾਰ ਕਰ ਸਕਦਾ ਹੈ। ਜੇ ਘੋੜੇ ਦੀ ਮੂਰਖਤਾ ਦਾ ਇਹ ਹਾਲ ਹੈ ਕਿ ਨਾ ਉਹ ਫੁੰਨਕਾਰੇ ਮਾਰਨੋਂ ਹਟਦਾ ਹੈ ਅਤੇ ਨਾ ਹੀ ਦੁਲੱਤੀਆਂ ਚਲਾਉਣੋ, ਤਾਂ ਬੰਦੇ ਉਤੇ ਵਾਰ ਵਾਰ ਪਾਣੀ ਲਿਆ ਕੇ ਦੇਣ ਦਾ ਇਲਜ਼ਾਮ ਲਾ ਕੇ ਉਸ ਨੂੰ ਫਾਹੇ ਤਾਂ ਨਹੀਂ ਲਾਇਆ ਜਾ ਸਕਦਾ।

ਗੁਰਬਾਣੀ ਰੱਬ ਦੀ ਉਸਤਤ ਨਾਲ ਭਰੀ ਪਈ ਹੈ। ਬਹੁਤ ਦੁਹਰਾਉ ਹੈ। ਜਿਹਨਾਂ ਵਿਚਾਰ-ਧਾਰਕਾਂ ਨੇ ਬੰਦੇ ਦੀ ਜੂਨ ਬਦਲਣ ਦਾ ਕੰਮ ਆਰੰਭਿਆ ਸੀ. ਉਹਨਾਂ ਵਾਰ ਵਾਰ ਰੱਬ ਬਾਰੇ ਅਤੇ ਬੰਦੇ ਨੂੰ ਰੱਬ ਦੇ ਰਾਹ 'ਤੇ ਲਿਆਉਣ ਬਾਰੇ ਗੱਲ ਕਰਨੀ ਹੀ ਕਰਨੀ ਸੀ। ਉਸ ਨੂੰ ਬੇਲੋੜਾ ਦੁਹਰਾ ਕਹਿਣਾ ਸਰਾਸਰ ਬੇਇਨਸਾਫ਼ੀ ਹੋਵੇਗੀ। —ਸੰਪਾਦਕ]

ਜ਼ਿੰਦਗੀ ਖਸਮ ਮੰਗਦੀ ਹੈ। ਉਹ ਵਗਾਰੀ ਨੂੰ ਆਪਣੇ ਸਿਰ ਦਾ ਸਾਈਂ ਨਹੀਂ ਬਣਾਉਂਦੀ। ਉਹ ਆਪਣੀ ਵਾਗ-ਡੋਰ ਉਸ ਨੂੰ ਫੜਾਉਂਦੀ ਹੈ ਜੋ ਉਸ ਦੀ ਰਹਿਨੁਮਾਈ ਕਰ ਸਕੇ। ਜੋ ਜਮਾਤ ਜ਼ਿੰਦਗੀ ਦੀ ਤੋਰ ਦੀ ਅਗਵਾਈ ਕਰਨ ਦੇ ਯੋਗ ਨਹੀਂ ਹੁੰਦੀ, ਸਮਾਜਕ ਵੇਗ ਉਸ ਨੂੰ ਪਛਾੜ ਜਾਂਦਾ ਹੈ। ਉਸ ਨੂੰ ਆਪਣੀ ਨਕੇਲ ਦੇ ਲਾਗੇ ਨਹੀਂ ਫਟਕਣ ਦੇਂਦਾ। ਸਮਾਜਕ ਉਸਾਰੀ ਦੇ ਕਾਨੂੰਨ ਨੇ ਪਰੋਲਤਾਰੀ ਦੇ ਜ਼ੁਮੇਂ ਉਹ ਕੰਮ ਲਾਇਆ ਹੈ ਜੋ ਉਸ ਨੇ ਅਜ ਤਕ ਪੈਦਾ ਹੋਈ ਕਿਸੇ ਹੋਰ ਜਮਾਤ



ਨੂੰ ਨਹੀਂ ਸੌਂਪਿਆ। ਅਤੇ ਉਹ ਹੈ ਬੰਦੇ ਦੀ ਸਾਰੀ ਜਾਤ ਦੀ ਗਤੀ ਕਰਾਉਣ ਦਾ ਕੰਮ। ਸਮਾਜ ਦੇ ਜਮਾਤੀ ਅੰਗ ਨੇ ਹਜ਼ਾਰਾਂ ਸਾਲਾਂ ਤੋਂ ਬੰਦੇ ਨੂੰ ਗੁਲਾਮ ਬਣਾਇਆ ਹੋਇਆ ਹੈ। ਖੁਦਗਰਜ਼ੀ ਤੇ ਲਾਲਚ ਆਦਿ ਦੇ, ਪੈਸੇ ਤੇ ਜਾਇਦਾਦ ਦੇ ਲਾਲਚ ਦੇ ਕੈਂਸਰ ਲਾ ਕੇ, ਉਸ ਨੂੰ ਵਹਿਸ਼ੀ, ਇਕ ਦੂਸਰੇ ਦੇ ਲਹੂ ਦੇ ਤਿਹਾਏ ਬਣਾਇਆ ਹੋਇਆ ਹੈ।

ਸਰਮਾਏਦਾਰੀ ਵਿਚ ਦੌਲਤ ਦਾ, ਜਾਇਦਾਦ ਦਾ ਲਾਲਚ ਸਿਖਰ 'ਤੇ ਹੈ। ਇਸ ਨੇ ਮੁਨਾਫ਼ੇ ਨੂੰ ਪੈਦਾਵਾਰ ਦੇ ਵੇਗ ਦਾ ਮੂਲ, ਸ਼ਰੋਮਣੀ ਮਨੋਰਥ ਬਣਾਇਆ ਹੋਇਆ ਹੈ ਤੇ ਪੈਸਾ ਬੰਦੇ ਦਾ ਮਜ਼ੁਬ ਬਣਾ ਧਰਿਆ ਹੈ। ਇਸ ਨਿਜ਼ਾਮ ਵਿਚ ਚੂੰਕਿ ਪੈਸੇ ਦਾ ਲਾਲਚ ਸਿਖਰ 'ਤੇ ਹੈ, ਜਿੰਨਾਂ ਖੁਦਗਰਜ਼, ਕਠੋਰ, ਨਿਰਦਈ ਤੇ ਕਮੀਨਾ ਬੰਦੇ ਨੂੰ ਇਸ ਨੇ ਬਣਾ ਦਿੱਤਾ ਹੈ ਏਨਾਂ ਪਹਿਲੇ ਕਿਸੇ ਹੋਰ ਜਮਾਤੀ ਸਮਾਜ ਨੇ ਨਹੀਂ ਸੀ ਬਣਾਇਆ। ਵੈਸੇ ਤਾਂ ਸਮਾਜ ਦੇ ਜਮਾਤੀ ਅੰਗ ਨੇ ਘੱਟ ਸ਼ੁਰੂ ਤੋਂ ਹੀ ਨਹੀਂ ਕੀਤੀ। ਆਪਣੇ ਦੌਰ ਦੇ ਸ਼ੁਰੂ ਤੋਂ ਲੈ ਕੇ ਅਜ ਤਕ ਜਮਾਤੀ ਅੰਗ ਨੇ ਮੁਲੱਖਈਏ ਨੂੰ ਲੋੜ ਦਾ ਗੁਲਾਮ ਬਣਾਈ ਰਖਿਆ ਹੈ, ਭੁਖ ਦੇ ਦੋਖੇ ਮਾਰੀ ਰਖਿਆ ਹੈ। ਪਰੋਲਤਾਰੀ ਦਾ ਇਤਿਹਾਸਕ ਰੋਲ ਹੈ ਹਜ਼ਾਰਹਾ ਸਾਲਾਂ ਦੇ ਸਮਾਜ ਦੇ ਜਮਾਤੀ ਅੰਗ ਦੇ ਗੁਲਾਮ, ਤੇ ਇਸ ਵਾਸਤੇ ਵਹਿਸ਼ੀ ਬਣਾਏ ਬੰਦੇ ਨੂੰ ਮੁੜ ਆਜ਼ਾਦ ਕਰਾਉਣਾ, ਮੁੜ ਇਨਸਾਨ ਬਣਾਉਣਾ, ਉਸ ਨੂੰ ਲੋੜ ਤੋਂ ਮੁਕਤ ਕਰਾਉਣਾ, ਖੁਸ਼ਹਾਲ ਬਣਾਉਣਾ, ਉਸ ਦੀਆਂ ਮੁਰਝਾਈਆਂ, ਮਰੀਆਂ ਸਭ ਕਲਾਂ ਨੂੰ ਸੁਰਜੀਤ ਕਰਾਉਣਾ, ਉਸ ਦੇ ਹਰ ਪਹਿਲੂ ਨੂੰ ਜਿਵਾਉਣਾ ਉਸ ਵਿਚ ਜਾਨ ਪਾਉਣਾ, ਉਸ ਨੂੰ ਸਫ਼ਲ ਤੇ ਪ੍ਰਫੁਲਤ ਕਰਨਾ, ਉਸ ਨੂੰ ਖੁਦਗਰਜ਼ੀ ਤੇ ਲਾਲਚ ਦੇ ਕੈਂਸਰਾਂ ਤੋਂ ਨਿਜਾਤ ਦਿਵਾ ਕੇ, ਉਹਨਾਂ ਤੋਂ ਪਾਕ ਕਰ ਕੇ ਉਸ ਨੂੰ ਪ੍ਰਸਪਰ ਪਿਆਰ ਤੇ ਮਨੁਖੀ ਹਮਦਰਦੀ ਦਾ ਵਜੂਦ ਬਣਾਉਣਾ। ਉਸ ਦੀ ਖੇਰੂੰ ਖੇਰੂੰ ਹੋਈ, ਇਕ ਦੂਸਰੇ ਦੇ ਲਹੂ ਦੀ ਤ੍ਰਿਹਾਈ ਹੋਈ ਜਾਤੀ ਨੂੰ ਮੁੜ ਮਨੁਖੀ ਬਰਾਦਰੀ ਦੀ ਲੜੀ ਵਿਚ ਪਰੋਣਾ, ਉਸ ਨੂੰ ਸਹੀ ਅਰਥਾਂ ਵਿਚ ਮਾਣਸ ਬਣਾਉਣਾ। ਗੁਰਬਾਣੀ ਦੀ ਬੋਲੀ ਵਿਚ ਮਾਣਸ ਤੋਂ ਦੇਵਤਾ ਬਣਾਉਣਾ। ਉਸ ਦੇ ਹਥੋਂ ਸਰਮਾਏਦਾਰੀ ਨੂੰ ਕਬਰ ਵਿਚ ਪਵਾਉਣਾ ਤੇ ਉਸ ਦੀ ਕਬਰ ਉਤੇ ਸਮਾਜਵਾਦ ਦੀ ਉਸਾਰੀ ਕਰਵਾਉਣਾ।

ਇਹ ਇਤਿਹਾਸਕ ਰੋਲ ਪਰੋਲਤਾਰੀ ਨੂੰ ਸਮਾਜਕ ਉਸਾਰੀ ਦੇ ਕਾਨੂੰਨ ਨੇ ਦਿੱਤਾ ਹੈ। ਇਸ ਦੇ ਜਨਮ-ਦਾਤਾ ਪੈਦਾਵਾਰ ਦੇ ਬੁਰਜਵਾ ਰੂਪ ਨੇ ਇਸ ਨੂੰ ਇਹ ਇਤਿਹਾਸਕ ਰੋਲ ਨਹੀਂ ਦਿੱਤਾ। ਉਸ ਨੇ ਸਹੀ ਅਰਥਾਂ ਵਿਚ ਇਸਨੂੰ ਬੁਰਜੁਆਜ਼ੀ ਦਾ ਪਾਣੀ ਭਰਨ ਵਾਸਤੇ, ਉਸ ਦਾ ਗੁਲੱਮ ਕਰਨ ਵਾਸਤੇ, ਉਸ ਦਾ ਗੁਲਾਮ ਬਣਾ ਕੇ ਪੈਦਾ ਕੀਤਾ ਹੈ। ਇਸ ਦੇ ਲਹੂ ਤੋਂ ਉਸ ਦਾ ਮੁਨਾਫਾ, ਉਸ ਦਾ ਸਰਮਾਇਆ ਬਣਾਉਣ ਵਾਸਤੇ ਉਸ ਨੂੰ ਖੜਾ ਕੀਤਾ ਹੈ। ਪੈਦਾਵਾਰ ਦੇ ਬੁਰਜੁਆ ਰੂਪ ਦੇ ਅਨੁਸਾਰ ਸਨਅਤੀ ਮਜ਼ਦੂਰ ਜਮਾਤ ਦਾ ਇਤਿਹਾਸਕ ਰੋਲ ਹੈ ਬੁਰਜੁਆਜ਼ੀ ਵਾਸਤੇ ਵਾਧੂ ਕਦਰ (surplus value) ਪੈਦਾ ਕਰਨਾ, ਤੇ ਅਮਨ-ਅਮਾਨ ਨਾਲ ਉਸ ਵਾਧੂ ਕਦਰ ਨੂੰ ਉਸ ਦੇ ਸਪੁਰਦ ਕਰੀ ਜਾਣਾ। ਇਸ ਦਾ ਮਨੁਖੀ ਬੋਲੀ ਵਿਚ ਅਰਥ ਹੈ ਆਪਣੇ ਲਹੂ ਨੂੰ ਸਰਮਾਏਦਾਰ ਦੇ ਸਰਮਾਏ ਵਿਚ ਤਬਦੀਲ ਕਰੀ ਜਾਣਾ ਤੇ ਉਸ ਦੇ ਸਰਮਾਏ ਨੂੰ ਅਮਰ-ਵੇਲ ਵਾਂਗ ਪੁਸ਼ਤ-ਬ-ਪੁਸ਼ਤ ਵਧਾਈ ਜਾਣਾ। ਪੁਸ਼ਤ-ਬ-ਪੁਸ਼ਤ ਆਪਣਾ ਲਹੂ ਉਸ ਦੀ ਝੋਲੀ ਪਾਈ ਜਾਣਾ।

ਜ਼ਾਹਿਰ ਹੈ ਕਿ ਸਰਮਾਇਦਾਰੀ ਵਿਚ ਸਨਅਤੀ ਮਜ਼ਦੂਰ ਜਮਾਤ ਦੀ ਪੁਜ਼ੀਸ਼ਨ ਡਾਇਲੈਕਟਿਕ ਹੈ। ਇਸ ਦੀ ਡਾਇਲੈਕਟਿਕ ਪੁਜ਼ੀਸ਼ਨ ਦੀ ਇਕ ਜੁਜ਼ ਹੈ ਜੋ ਇਸ ਦੇ ਜਨਮ-ਦਾਤਾ—ਪੈਦਾਵਾਰ ਦੇ

ਬੁਰਜੁਆ ਰੂਪ—ਨੇ ਇਸ ਨੂੰ ਦਿੱਤੀ ਹੈ.. ਬੁਰਜੁਆਜ਼ੀ ਦੇ ਗੁਲਾਮ ਦੀ ਪੁਜ਼ੀਸ਼ਨ; ਸਰਮਾਏਦਾਰ ਵਾਸਤੇ, ਸਰਮਾਏ ਦੇ ਵਾਧੇ ਵਾਸਤੇ ਵਾਧੂ ਕਦਰ ਪੈਦਾ ਕਰੀ ਜਾਣ ਦਾ ਕੰਮ, ਪੈਦਾਵਾਰ ਦੇ ਬੁਰਜੁਆ ਰੂਪ ਵਿਚ ਹੱਥ ਬਣ ਕੇ ਵਗਦੇ ਜਾਣ ਦਾ ਰੋਲ।

ਇਸ ਦੀ ਡਾਇਲੈਕਟਿਕ ਪੁਜ਼ੀਸ਼ਨ ਦੀ ਦੂਸਰੀ ਜੁਜ਼ ਹੈ ਜੋ ਇਸ ਦੇ ਸਿਰ ਸਮਾਜਕ ਉਸਾਰੀ ਦੇ ਕਾਨੂੰਨ ਨੇ ਪਾਈ ਹੈ—ਸਰਮਾਏਦਾਰੀ ਨੂੰ ਖ਼ਤਮ ਕਰ ਕੇ ਸਮਾਜਵਾਦ ਨੂੰ ਉਸਾਰਨ ਦਾ ਕੰਮ।

ਸਾਡੇ ਅਖੌਤੀ ਮਾਰਕਸਵਾਦੀਆਂ ਨੇ ਇਸ ਜਮਾਤ ਦੀ ਪੁਜ਼ੀਸ਼ਨ ਦੀ ਡਾਇਲੈਕਟਿਕ ਨਹੀਂ ਸਮਝੀ। ਉਹ ਸਮਝੀ ਬੈਠੇ ਹਨ ਜਿਵੇਂ ਇਸ ਜਮਾਤ ਦਾ ਮੂਲ ਅਸਲਾ ਉਹ ਹੀ ਹੈ ਜਿਸ ਦੇ ਆਸਰੇ ਇਸ ਨੇ ਆਪਣਾ ਇਨਕਲਾਬੀ ਰੋਲ ਅਦਾ ਕਰਨਾ ਹੈ ਅਤੇ ਜੋ ਰੋਲ ਇਸ ਨੂੰ ਸਮਾਜਕ ਉਸਾਰੀ ਦੇ ਕਾਨੂੰਨ ਨੇ ਦਿੱਤਾ ਹੈ। ਦੂਸਰੇ ਲਫ਼ਜ਼ਾਂ ਵਿਚ, ਉਹ ਇਸ ਭੁਲੇਖੇ ਦੇ ਸ਼ਿਕਾਰ ਹਨ ਕਿ ਸਨਅਤੀ ਮਜ਼ਦੂਰ ਜਮਾਤ ਆਪਣੇ ਜਨਮੋਂ ਹੀ, ਸਨਅਤੀ ਕੰਮ ਦੇ ਅਸਲਿਉਂ ਹੀ, ਬਤੌਰ ਸਨਅਤੀ ਮਜ਼ਦੂਰ ਜਮਾਤ ਹੋਣ ਦੇ ਹੀ ਇਨਕਲਾਬੀ ਹੈ। ਦੂਸਰੇ ਪਾਸੇ ਤੋਂ, ਜੇ ਉਹਨਾਂ ਨੂੰ ਇਹ ਪੁੱਛੋ ਕਿ ਇਨਕਲਾਬ ਲਿਆਉਣ ਵਿਚ, ਅਤੇ ਇਨਕਲਾਬ ਲਿਆ ਕੇ ਸਮਾਜਵਾਦ ਦੀ ਉਸਾਰੀ ਵਿਚ ਪਾਰਟੀ ਦਾ ਰੋਲ ਹੈ ਕਿ ਨਹੀਂ ਤਾਂ ਉਹ ਇਕਦਮ ਦਸਣਗੇ ਕਿ ਪਾਰਟੀ ਦੀ ਅਗਵਾਈ ਬਗੈਰ ਗੁਜ਼ਾਰਾ ਹੀ ਨਹੀਂ। ਉਹ ਇਸ ਹੱਦ ਤਕ ਜਾਣਗੇ ਕਿ ਅਗਵਾਈ ਵਿਚ ਜੋ ਕਰਦੀ ਹੈ ਪਾਰਟੀ ਕਰਦੀ ਹੈ, ਉਸ ਦਾ ਕਾਡਰ ਕਰਦਾ ਹੈ। ਉਸ ਵੇਲੇ ਉਹ ਇਹ ਵੀ ਭੁਲ ਜਾਂਦੇ ਹਨ ਕਿ ਪਾਰਟੀ ਤੇ ਉਸ ਦਾ ਕਾਡਰ ਜਮਾਤ ਦੇ ਇਨਕਲਾਬੀ ਅਮਲ ਤੋਂ ਹੀ ਸਿਖਦਾ ਹੈ, ਉਸ ਅਮਲ ਤੇ ਉਸ ਦੇ ਅਨੁਭਵ ਨੂੰ ਹੀ ਜਨਰਲਾਇਜ਼ ਕਰਦਾ ਹੈ। ਲਗਦਾ ਇਹ ਹੈ ਕਿ ਇਸ ਨੁਕਤੇ ਬਾਬਤ ਸਾਡੇ "ਮਾਰਕਸਵਾਦੀਆਂ" ਨੇ ਕਦੇ ਦੋ ਤੇ ਦੋ ਚਾਰ ਵੀ ਨਹੀਂ ਕੀਤੇ।

ਇਸ ਬੁਨਿਆਦੀ ਨੁਕਤੇ ਬਾਬਤ ਅਸੀਂ ਮਾਰਕਸਵਾਦ ਦੀ ਪੁਜ਼ੀਸ਼ਨ ਸਪਸ਼ਟ ਕਰ ਚੁਕੇ ਹਾਂ। ਇਨਕਲਾਬ ਦੇ ਰਾਹੇ ਪੈਣ ਦਾ ਕੰਮ ਸ਼ੁਰੂ ਤਾਂ ਸਮਾਜਕ ਅਸਲੀਅਤ ਤੋਂ ਅਤੇ ਸਨਅਤੀ ਮਜ਼ਦੂਰ ਜਮਾਤ ਤੇ ਸਮਾਜ ਦਾ ਹੋਰ ਮੇਹਨਤਕਸ਼ ਤਬਕਾ ਜਿੱਥੇ ਖੜਾ ਹੈ, ਜੈਸਾ ਹੈ ਉਸ ਤੋਂ ਹੀ ਹੁੰਦਾ ਹੈ। ਜੇ ਏਥੇ ਹੀ ਟਪਲਾ ਖਾਧਾ ਗਿਆ ਤਾਂ ਸਹੀ ਲਾਈਨ ਕਿਥੋਂ ਨਿਕਲਣੀ ਹੈ ਤੇ ਕਾਰਗਰ ਕਦਮ ਕਿਸ ਤਰ੍ਹਾਂ ਪੁੱਟਿਆ ਜਾਣਾ ਹੈ? ਮਾਰਕਸ ਤੇ ਲੈਨਿਨ ਆਦਿ ਪਰੋਲਤਾਰੀ ਦੀ ਪੁਜ਼ੀਸ਼ਨ ਦੀ ਡਾਇਲੈਕਟਿਕ ਬਾਬਤ ਬਿਲਕੁਲ ਸਪਸ਼ਟ ਸਨ। ਇਕ ਪਾਸੇ ਤੋਂ ਤਾਂ ਮਾਰਕਸ ਦੀ ਇਹ ਵੱਡਮੁਲੀ ਇਤਿਹਾਸਕ ਦੇਣ ਹੈ ਕਿ ਉਸ ਨੇ ਲੱਭਿਆ ਤੇ ਕਿਆੜ ਕੇ ਦਸਿਆ ਕਿ ਸਰਮਾਏਦਾਰੀ ਨੂੰ ਖ਼ਤਮ ਕਰ ਕੇ ਸਮਾਜਵਾਦ ਲਿਆਉਣਾ ਕਿਸ ਨੇ ਹੈ। ਉਸ ਨੇ ਨਿਖੇੜ ਕੇ ਉਂਗਲ ਰੱਖੀ ਕਿ ਸਰਮਾਏਦਾਰੀ ਦੀ ਕਬਰ ਪਰੋਲਤਾਰੀ ਨੇ ਪੁਟਣੀ ਹੈ ਤੇ ਲੈਨਿਨ ਨੇ ਪਰੋਲਤਾਰੀ ਦੀ ਅਗਵਾਈ ਹੇਠ ਇਨਕਲਾਬ ਲਿਆਂਦਾ। ਸੋ ਸਮਾਜਕ ਉਸਾਰੀ ਦੇ ਕਾਨੂੰਨ ਦੇ ਸਪਸ਼ਟ ਕੀਤੇ ਪਰੋਲਤਾਰੀ ਦੇ ਇਤਿਹਾਸਕ ਰੋਲ ਬਾਬਤ ਮਾਰਕਸ ਤੇ ਲੈਨਿਨ ਬਿਲਕੁਲ ਸਪਸ਼ਟ ਹਨ।

ਦੂਸਰੇ ਪਾਸੇ ਤੋਂ, ਉਹਨਾਂ ਇਹ ਦਸਣ ਵਿਚ ਵੀ ਕੋਈ ਭੁਲੇਖਾ ਨਹੀਂ ਰਹਿਣ ਦਿੱਤਾ ਕਿ ਪਰੋਲਤਾਰੀ ਦੇ ਜਨਮ-ਦਾਤੇ, ਪੈਦਾਵਾਰ ਦੇ ਬੁਰਜੁਆ ਰੂਪ, ਨੇ ਇਸ ਨੂੰ ਕੀ ਦਾ ਕੀ ਬਣਾ ਦਿੱਤਾ ਹੈ। ਇਸ ਨੂੰ ਬੰਦਾ ਹੀ ਨਹੀਂ ਰਹਿਣ ਦਿੱਤਾ, ਬੰਦੇ ਦੀ ਫਾਂਗ ਬਣਾ ਧਰਿਆ ਹੈ।[1] ਮਾਰਕਸ ਸਾਫ਼ ਹੈ ਕਿ ਪਰੋਲਤਾਰੀ ਦੇ ਅੰਦਰ ਜੋ ਗੰਦ ਸਰਮਾਏਦਾਰੀ ਨੇ ਪਾਇਆ ਹੈ ਉਸ ਦੇ ਇਸ ਦੇ ਅੰਦਰੋਂ ਨਿਕਲਣ ਦੇ ਬਗੈਰ, ਦੂਸਰੇ ਲਫ਼ਜ਼ਾਂ ਵਿਚ ਇਸ ਦੀ ਕਾਇਆਂ-ਪਲਟੀ ਬਗੈਰ ਇਹ ਜਮਾਤ ਨਵੇਂ ਸਮਾਜ ਨੂੰ



ਉਸਾਰਨ ਦੇ ਯੋਗ ਨਹੀਂ ਹੋ ਸਕਦੀ।[2] ਮਨੁਖ-ਜਾਤੀ ਦੀ ਉਮੀਦ ਪਰੋਲਤਾਰੀ ਤੇ ਉਸ ਦਾ ਸੰਗੀ ਸਮਾਜ ਦਾ ਮੇਹਨਤਕਸ਼ ਤਬਕਾ ਹੈ, ਪਰ ਯਕੀਨਨ ਉਸ ਦੀ ਉਸ ਹਾਲਤ ਵਿਚ ਨਹੀਂ ਜੋ ਹਾਲਤ ਉਸ ਦੀ ਪੈਦਾਵਾਰ ਦੇ ਬੁਰਜੁਆ ਰੂਪ ਨੇ ਬਣਾ ਧਰੀ ਹੈ। ਜਦੋਂ ਮਾਰਕਸ ਕਹਿੰਦਾ ਹੈ[3] ਕਿ ਅਜ ਕਲ੍ਹ ਦੀ ਸਨਅਤ, ਸਮਾਜ ਦੀ ਆਪਣੀ ਜ਼ਿੰਦਗੀ ਵਾਸਤੇ ਉਸ ਨੂੰ ਮਜਬੂਰ ਕਰਦੀ ਹੈ ਕਿ ਉਹ ਬੰਦੇ ਤੋਂ ਬੰਦੇ ਦੀ ਫਾਂਗ ਬਣੇ ਵਰਕਰ ਨੂੰ, detail ਵਰਕਰ ਨੂੰ ਮੁੜ ਹਰ ਪਾਸੇ ਤੋਂ ਪੂਰੀ ਤਰ੍ਹਾਂ ਉਸਰਿਆ ਬੰਦਾ ਬਣਾਵੇ ਤਾਂ ਉਸ ਦਾ ਮਤਲਬ ਸਾਫ਼ ਹੈ। ਵਰਕਰ ਨੂੰ ਲੂਲ੍ਹਾ ਲੰਗੜਾ, ਬੰਦੇ ਦੀ ਫਾਂਗ, 'ਡੀਟੇਲ' ਵਰਕਰ ਬਣਾਇਆ ਕਿਸ ਨੇ ਹੈ? ਪੈਦਾਵਾਰ ਦੇ ਬੁਰਜੁਆ ਰੂਪ ਨੇ, ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਨੇ। ਕਿਸ ਤਰ੍ਹਾਂ? ਪੈਦਾਵਾਰ ਦੇ ਵੇਗ ਵਿਚ ਉਸ ਨੂੰ ਸਾਰੀ ਉਮਰ, ਮੁੜ ਮੁੜ ਇਕੋ ਹੀ ਨਿਗੂਣੀ ਹਰਕਤ (ਕੰਮ) ਕਰੀ ਜਾਣ ਦਾ ਪੁਰਜ਼ਾ ਬਣਾ ਕੇ। ਜ਼ਾਹਿਰ ਹੈ ਕਿ ਜੇ ਪੈਦਾਵਾਰ ਦੇ ਬੁਰਜੁਆ ਰੂਪ ਨੇ ਵਰਕਰ ਨੂੰ ਬੰਦਾ ਨਹੀਂ ਰਹਿਣ ਦਿੱਤਾ, ਉਸ ਨੂੰ ਬੰਦੇ ਤੋਂ ਬੰਦੇ ਦੀ ਫਾਂਗ ਬਣਾ ਧਰਿਆ ਹੈ, ਤਾਂ ਉਹ ਤੇ ਉਸ ਦੇ ਪੈਦਾਵਾਰ ਦੇ ਰਿਸ਼ਤੇ ਵਰਕਰ ਦੀ ਕਾਇਆਂ-ਪਲਟੀ ਨਹੀਂ ਕਰ ਸਕਦੇ। ਉਸ ਨੂੰ ਹਰ ਪਾਸਿਉਂ ਉਸਰਿਆ ਹੋਇਆ ਬੰਦਾ ਨਹੀਂ ਬਣਾ ਸਕਦੇ ਜੋ ਕਿ ਹਰ ਕਿਸਮ ਦੇ ਕੰਮ ਕਰਨ ਦੇ ਯੋਗ ਹੋਵੇ, ਜੋ ਤਬਦੀਲ ਹੁੰਦੀ ਪੈਦਾਵਾਰ ਦੇ ਹਰ ਕੰਮ ਨੂੰ ਹੱਸ ਕੇ ਜੀ-ਆਇਆਂ ਆਖ ਸਕੇ ਤੇ ਜਿਸ ਦੇ ਵਾਸਤੇ ਵੱਖ ਵੱਖ ਸਮਾਜਕ ਕੰਮ ਉਸ ਦੇ ਅੰਦਰਲੇ ਦੀਆਂ ਕੁਦਰਤ ਵਲੋਂ ਦਿੱਤੀਆਂ, ਤੇ ਉਸ ਦੀਆਂ ਆਪ ਹਾਸਿਲ ਕੀਤੀਆਂ, ਆਪ ਉਸਾਰੀਆਂ ਸ਼ਕਤੀਆਂ ਦਾ ਇਜ਼ਹਾਰ ਹੋਣ।

ਵਰਕਰ ਦੀ ਇਹ ਕਾਇਆਂ-ਪਲਟੀ, ਸਾਫ਼ ਹੈ, ਪੈਦਾਵਾਰ ਦਾ ਸਮਾਜਵਾਦੀ ਰੂਪ, ਪੈਦਾਵਾਰ ਦੇ ਸਮਾਜਵਾਦੀ ਰਿਸ਼ਤੇ ਹੀ ਕਰ ਸਕਦੇ ਹਨ। ਸੋ ਜਦੋਂ ਮਾਰਕਸ ਕਹਿੰਦਾ ਹੈ ਕਿ ਅਜ ਕਲ੍ਹ ਦੀ ਸਨਅਤ ਸਮਾਜ ਨੂੰ ਉਸ ਦੀ ਆਪਣੀ ਜ਼ਿੰਦਗੀ ਵਾਸਤੇ ਮਜਬੂਰ ਕਰਦੀ ਹੈ ਕਿ ਉਹ ਫਾਂਗ ਬਣੇ ਵਰਕਰ ਨੂੰ ਪੂਰਾ ਉਸਰਿਆਂ ਬੰਦਾ ਬਣਾਵੇ ਤਾਂ ਉਹ ਦਸਦਾ ਹੈ ਕਿ ਫਾਂਗ ਬਣੇ ਵਰਕਰ ਦੀ ਹਾਲਤ ਵਿਚ ਸਮਾਜ ਦੀ ਆਪਣੀ ਜ਼ਿੰਦਗੀ ਖ਼ਤਰੇ ਤੋਂ ਖਾਲੀ ਨਹੀਂ। ਸਿੱਧੇ ਲਫ਼ਜ਼ਾ ਵਿਚ, ਮਾਰਕਸ ਦੇ ਕਹੇ ਦਾ ਮਤਲਬ ਹੈ ਕਿ ਅਜ ਕਲ੍ਹ ਦੀ ਸਨਅਤ ਦੇ ਪ੍ਰਸੰਗ ਵਿਚ ਜੇ ਸਮਾਜ ਨੇ ਆਪਣੀ ਜ਼ਿੰਦਗੀ ਮਹਿਫੂਜ਼ ਕਰਨੀ ਹੈ, ਖ਼ਤਰੇ ਤੋਂ ਬਚਾਉਣੀ ਹੈ ਤਾਂ ਉਹ ਪੈਦਾਵਾਰ ਦੇ ਬੁਰਜੁਆ ਰੂਪ ਨੂੰ ਖ਼ਤਮ ਕਰੇ ਤੇ ਉਸ ਦੀ ਥਾਂ 'ਤੇ ਪੈਦਾਵਾਰ ਦਾ ਸਮਾਜਵਾਦੀ ਰੂਪ ਉਸਾਰੇ। ਜਿਸ ਸਮਾਜ ਵਿਚ ਬੰਦਾ ਬੰਦਾ ਹੀ ਨਾ ਰਿਹਾ, ਉਹ ਨਿਰੀ ਫਾਂਗ ਹੋ ਗਿਆ, ਲੂਲ੍ਹਾ ਲੰਗੜਾ ਹੋ ਗਿਆ ਉਹ ਸਮਾਜ ਸਿਹਤਮੰਦ ਕਿਸ ਤਰ੍ਹਾਂ ਰਹਿ ਸਕਦਾ ਹੈ? ਜਿਸ ਸਮਾਜ ਦਾ ਬੰਦਾ ਹਰ ਪਾਸਿਉਂ ਰੋਗੀ ਹੈ ਉਹ ਸਮਾਜ ਆਪ ਨਿਰੋਆ ਕਿਸ ਤਰ੍ਹਾਂ ਰਹਿ ਸਕਦਾ ਹੈ?

ਜਿਸ ਜਮਾਤ ਨੂੰ ਕੰਮ ਦੇ ਵੇਗ ਦਾ ਭੇਤ ਨਹੀਂ, ਜੋ ਜਮਾਤ ਸਮਾਜ ਦੇ ਕੰਮ ਦੇ ਸਿਰ 'ਤੇ ਸਵਾਰ ਨਹੀਂ, ਜਿਸ ਦੇ ਵਾਸਤੇ ਸਮਾਜ ਦੇ ਕੰਮ ਦਾ ਵੇਗ ਬੰਦ-ਕਿਤਾਬ ਹੈ ਉਸ ਨੇ ਸਮਾਜ 'ਤੇ ਆਪਣੀ ਸਰਦਾਰੀ ਸਥ ਪਤ ਕਿਸ ਤਰ੍ਹਾਂ ਕਰਨੀ ਹੈ? ਓਪਰੀ ਓਪਰੀ ਨਜ਼ਰੇ ਵੇਖਿਆਂ ਲਗਦਾ ਹੈ ਕਿ ਪੈਦਾਵਾਰ ਦਾ ਬੁਰਜੁਆ ਰੂਪ ਆਪਣੀ ਮੌਤ ਦਾ ਸਾਮਾਨ ਆਪੇ ਹੀ ਇਕੱਠਾ ਕਰਨ 'ਤੇ ਮਜਬੂਰ ਹੈ ਤੇ ਉਸ ਨੇ ਇਕੱਠਾ ਕਰ ਲਿਆ ਹੈ। ਸਮਾਜ ਦੀ ਪਦਾਰਥਕ ਪੈਦਾਵਾਰ ਦਾ ਸਾਰਾ ਕੰਮ ਸਨਅਤੀ ਮਜ਼ਦੂਰ ਜਮਾਤ ਦੇ ਹੱਥੀਂ ਹੁੰਦਾ ਹੈ। ਤੇ ਆਦਮੀ ਕਿਆਸ ਕਰਦਾ ਹੈ ਕਿ ਜਿਸ ਦੇ ਹੱਥਾਂ ਵਿਚ ਦੀ ਕੰਮ ਲੰਘੇ ਉਸ ਨੂੰ ਕੰਮ ਦਾ ਸਾਰਾ ਭੇਤ ਹੋ ਗਿਆ। ਕੰਮ ਉਸ ਦੀ ਮੁੱਠ ਵਿਚ ਹੋ ਗਿਆ। ਹਾਕਮ ਜਮਾਤ

ਪੈਦਾਵਾਰ ਦੇ ਕੰਮ ਦੇ ਨੁਕਤੇ ਤੋਂ ਵਾਧੂ ਬੋਝ ਬਣ ਗਈ। ਦੂਸਰੇ ਪਾਸੇ ਤੋਂ ਪੈਦਾਵਾਰ ਦਾ ਬੁਰਜੁਆ ਰੂਪ ਪੈਦਾਵਾਰ ਦੇ ਕੇਂਦਰਾਂ ਵਿਚ ਸਨਅਤੀ ਮਜ਼ਦੂਰਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਇਕੱਠਿਆਂ ਕਰਨ 'ਤੇ ਮਜਬੂਰ ਹੈ ਤੇ ਉਸ ਨੇ ਇਕੱਠੇ ਕੀਤੇ ਹਨ। ਟਰੇਡ ਯੂਨੀਅਨਾਂ ਆਦਿ ਦੀ ਸ਼ਕਲ ਵਿਚ ਉਹਨਾਂ ਨੂੰ ਜਥੇਬੰਦ ਹੋਣ ਦਾ ਵੀ ਅੰਤ ਰਾਹ ਦਿੱਤਾ ਹੈ। ਵੇਖਣ ਨੂੰ ਤਾਂ ਇਹ ਲਗਦਾ ਹੈ ਕਿ ਜੇ ਸਨਅਤੀ ਮਜ਼ਦੂਰ ਜਮਾਤ ਦੇ ਹੱਥਾਂ ਵਿਚ ਦੀ ਕੰਮ ਲੰਘਦਾ ਹੈ ਤਾਂ ਉਹ ਸਾਰੇ ਕੰਮ ਦੀ ਭੇਤੀ ਹੋਵੇਗੀ। ਅਮਲ ਤੋਂ ਚੇਤਨਤਾ ਪੈਦਾ ਹੁੰਦੀ ਹੈ। ਕੰਮ ਦੀ ਭੇਤੀ ਹੋਈ ਉਹ ਚੇਤੰਨ ਵੀ ਹੋਵੇਗੀ। ਤੇ ਜਦੋਂ ਕੰਮ ਦੀ ਭੇਤੀ, ਚੇਤੰਨ ਹੋਈ ਉਹ ਜਥੇਬੰਦ ਹੋ ਗਈ ਤਾਂ ਉਹ ਬੁਰਜੁਆਜ਼ੀ ਦੀ ਦਬੇਲ ਕਿਉਂ ਰਹੇਗੀ? ਆਪਣੀ ਜਮਾਤੀ ਤਾਕਤ ਪੈਦਾ ਕਰ ਕੇ ਉਹ ਬੁਰਜੁਆਜ਼ੀ ਦੇ ਗਲ ਵਿਚ ਅੰਗੂਠਾ ਦੇਵੇਗੀ। ਸਮਾਜ ਦੀ ਮਾਲਕ ਆਪ ਬਣੇਗੀ। ਪਰੋਲਤਾਰੀ ਆਪ ਵੀ ਆਜ਼ਾਦ ਹੋਵੇਗੀ ਤੇ ਬਾਕੀ ਸਭਸ ਨੂੰ ਵੀ ਆਜ਼ਾਦ ਕਰਵਾਏਗੀ।

ਪਰ ਇਹ ਸਿਰਫ਼ ਵੇਖਣ ਨੂੰ ਹੀ ਹੈ। ਬੁਰਜੁਆਜ਼ੀ ਇਸ ਖ਼ਤਰੇ ਤੋਂ ਜਾਣੂ ਹੈ ਅਤੇ ਉਸ ਨੇ ਬਹੁਤ ਹੱਦ ਤਕ ਇਸ ਖ਼ਤਰੇ ਦਾ ਦਰ ਬੰਦ ਕਰ ਲਿਆ ਹੈ। ਪੈਦਾਵਾਰ ਦੇ ਬੁਰਜੁਆ ਰੂਪ ਵਿਚ ਵਰਕਰ ਪੈਦਾਵਾਰ ਦੇ ਵੇਗ 'ਤੇ ਸਵਾਰ ਨਹੀਂ। ਉਸ ਦੇ ਹੇਠ ਮਿੱਧਿਆ ਮਧੋਲਿਆ ਹੋਇਆ ਹੈ। ਇਕ ਤਾਂ ਪੈਦਾਵਾਰ ਦੇ ਬੁਰਜੁਆ ਰੂਪ ਨੇ ਸਾਇੰਸ ਨੂੰ ਪੈਦਾਵਾਰ ਦੀ ਸ਼ਕਤੀ ਬਣਾ ਲਿਆ ਹੈ ਅਤੇ ਸਨਅਤੀ ਮਜ਼ਦੂਰ ਜਮਾਤ ਨੂੰ ਉਹ ਸਾਇੰਸ ਦੇ ਲਾਗੇ ਵੀ ਨਹੀਂ ਫਟਕਣ ਦੇਂਦਾ। ਸਾਰੀ ਸਾਇੰਸ ਉਹ ਮਸ਼ੀਨ ਵਿਚ ਪਾਉਂਦਾ ਹੈ ਅਤੇ ਉਸ ਦੀ ਵਾਗ-ਡੋਰ, ਤੰਤਰ ਤੇ ਸਾਇੰਸ ਦਾ ਗਿਆਨ ਉਹ ਆਪਣੇ ਹਿੱਤੀ, ਪਰੋਲਤਾਰੀ ਦੇ ਵਿਰੋਧੀ ਮਾਹਿਰਾਂ, ਟੈਕਨੀਸ਼ਨਾਂ ਤਕ ਮਹਿਦੂਦ ਰਖਦਾ ਹੈ। ਇਸ ਤੋਂ ਉਪਰੰਤ ਉਹ ਕੋਈ ਸਮੂਲਚਾ ਕੰਮ ਵੀ ਕਿਸੇ ਵਰਕਰ ਦੇ ਹਵਾਲੇ ਨਹੀਂ ਕਰਦਾ। ਹਰ ਵਰਕਰ ਨੂੰ ਸਾਰੀ ਉਮਰ ਕਿਸੇ ਕੰਮ ਦੀ ਲੜਤ 'ਤੇ ਹੀ ਲਾ ਛਡਦਾ ਹੈ। ਉਸ ਨੂੰ 'ਡੀਟੇਲ' ਵਰਕਰ ਬਣਾ ਕੇ ਵਾਹੁੰਦਾ ਹੈ। ਨਤੀਜਾ ਇਹ ਹੈ ਕਿ ਸਨਅਤੀ ਕੰਮ ਦੇ ਵੇਗ ਵਿਚ ਵਰਕਰ ਦੇ ਦਿਮਾਗ ਨੂੰ ਜਿੰਦਰਾ ਵੱਜਾ ਰਹਿੰਦਾ ਹੈ। ਵਧਣੀ ਤਾਂ ਕੀ ਹੈ, ਉਸ ਦੀ ਅਗਲੀ ਅਕਲ ਵੀ ਮਾਰੀ ਜਾਂਦੀ ਹੈ। ਪੈਦਾਵਾਰ ਦੇ ਵੇਗ ਵਿਚੋਂ ਜੋ ਵੀ ਗਿਆਨ ਪੈਦਾ ਹੁੰਦਾ ਹੈ ਉਹ ਸਾਰਾ ਮਾਹਿਰਾਂ, ਟੈਕਨੀਸ਼ਨਾਂ ਦੇ ਪਾਸੇ ਇਕੱਠਾ ਹੁੰਦਾ ਤੇ ਵਧਦਾ ਜਾਂਦਾ ਹੈ। ਵਰਕਰ ਵਾਲੇ ਪਾਸੇ ਭੋਰਾ ਵੀ ਨਹੀਂ ਆਉਂਦਾ। ਉਹ ਸਾਰੀ ਉਮਰ ਫਾਡੀ ਦਾ ਫਾਡੀ ਰਹਿੰਦਾ ਹੈ। ਕੰਮ ਦੇ ਹੱਥਾਂ ਵਿਚ ਦੀ ਲੰਘਣ ਨਾਲ ਜੋ ਗਿਆਨ ਮਿਲਣਾ ਸੀ, ਤੇ ਇਸ ਗਿਆਨ ਤੋਂ ਜੋ ਸਮਾਜਕ ਸ਼ਕਤੀ ਆਉਣੀ ਸੀ, ਉਹ ਵਰਕਰ ਦੇ ਲਾਗਿਉਂ ਦੀ ਵੀ ਨਹੀਂ ਲੰਘਦੀ।

ਪੈਦਾਵਾਰ ਦੇ ਬੁਰਜਵਾ ਰੂਪ ਦੀ ਆਪਣੇ ਨੁਕਤੇ ਤੋਂ ਇਹ ਕਾਮਯਾਬੀ ਹੈ ਕਿ ਉਸ ਨੇ ਵਰਕਰ ਨੂੰ ਨਿਰਾ ਕੰਮ ਕਰਦਾ ਹੱਥ ਹੀ ਬਣਾ ਧਰਿਆ ਹੈ ਅਤੇ ਨਿਰਾ ਹੱਥ ਬਣਾ ਕੇ ਹੀ ਉਸ ਨੂੰ ਸਾਰੀ ਉਮਰ ਵਾਹੀ ਜਾਂਦਾ ਹੈ। ਜਿਥੋਂ ਤਕ ਪੈਦਾਵਾਰ ਦੇ ਕੇਂਦਰਾਂ ਵਿਚ ਵਰਕਰਾਂ ਦੇ ਇਕੱਠੇ ਹੋ ਕੇ ਤਾਕਤ ਬਣ ਜਾਣ ਦਾ ਸਵਾਲ ਹੈ, ਪੈਦਾਵਾਰ ਦੇ ਬੁਰਜੁਆ ਰੂਪ ਨੇ ਉਸ ਦਾ ਵੀ ਦਰ ਬੰਦ ਕਰ ਛੱਡਿਆ ਹੈ। ਉਸ ਨੇ ਮਸ਼ੀਨ ਵਰਕਰ ਦੇ ਹਵਾਲੇ ਨਹੀਂ ਕੀਤੀ, ਵਰਕਰ ਨੂੰ ਮਸ਼ੀਨ ਦੇ ਹਵਾਲੇ ਕਰ ਦਿੱਤਾ ਹੈ। ਮਸ਼ੀਨ ਨੂੰ ਵਰਕਰ ਦੀ ਬਾਂਹ ਨਹੀਂ ਬਣਾਇਆ, ਵਰਕਰ ਨੂੰ ਮਸ਼ੀਨ ਦਾ ਪੁਰਜ਼ਾ ਬਣਾ ਦਿੱਤਾ ਹੈ। ਮਸ਼ੀਨ ਵਰਕਰ ਵਾਸਤੇ ਕੰਮ ਨਹੀਂ ਕਰਦੀ, ਵਰਕਰ ਮਸ਼ੀਨ ਵਾਸਤੇ ਕੰਮ ਕਰਦਾ ਹੈ। ਉਸ ਦਾ ਗੋਲਾ ਹੋ ਕੇ ਵਗਦਾ ਹੈ। ਪੈਦਾਵਾਰ ਦੇ ਬੁਰਜੁਆ ਰੂਪ ਨੇ ਵਰਕਰ



ਨੂੰ ਮਸ਼ੀਨ ਦੇ ਮੂੰਹ ਵਿਚ ਝੁਲਕਾ ਬਣਾ ਕੇ ਡਾਹਿਆ ਹੋਇਆ ਹੈ। ਭਾਵੇਂ ਹਜ਼ਾਰਹਾ ਵਰਕਰ ਇਕੋ ਛੱਤ ਹੇਠ ਕੰਮ ਕਰਦੇ ਹੋਣ, ਉਹਨਾਂ ਦਾ ਆਪਸ ਵਿਚ ਕੋਈ ਮੇਲ ਨਹੀਂ ਹੁੰਦਾ। ਰੋਟੀ 'ਤੇ ਪਏ ਡੇਲਿਆਂ ਵਾਂਗ ਉਹ ਬਿਲਕੁਲ ਅਡੋ ਅੱਡ ਰਹਿੰਦੇ ਹਨ। ਹਰ ਨੁਕਤੇ ਤੋਂ 'ਐਟੋਮਾਈਜ਼ਡ' ਹੁੰਦੇ ਹਨ। ਕੰਮ ਦੇ ਵੇਗ ਵਿਚੋਂ ਸਿਵਾਏ ਇਵਜ਼ਾਨੇ ਦੇ ਵਰਕਰ ਦੇ ਹੱਥ ਪੱਲੇ ਹੋਰ ਕੁਛ ਨਹੀਂ ਪੈਂਦਾ। ਸਰੀਰ ਵਲੋਂ, ਦਿਮਾਗ਼ ਵਲੋਂ ਉਸ ਨੂੰ ਹਰ ਪਾਸਿਉਂ ਹੁੰਝਾ ਹੀ ਫਿਰਦਾ ਹੈ।

ਪੈਦਾਵਾਰ ਦਾ ਬੁਰਜਵਾ ਰੂਪ ਇਹ ਸਭ ਕੁਛ ਕਿਸ ਤਰ੍ਹਾਂ ਕਰਦਾ ਹੈ—ਇਸ ਦੇ ਵਿਸਥਾਰ ਵਿਚ ਅਸੀਂ ਓਦੋਂ ਜਾਵਾਂਗੇ ਜਦੋਂ ਇਸ ਦੇ ਕੰਮ ਦਾ ਵੇਗ ਫੋਲਾਂਗੇ। ਸਨਅਤੀ ਮਜ਼ਦੂਰ ਜਮਾਤ ਟਰੇਡ ਯੂਨੀਅਨਾਂ ਆਦਿ ਵਿਚ ਜਥੇਬੰਦ ਤਾਂ ਹੈ ਪਰ ਬੁਰਜੁਆ ਕਲਚਰ ਨੇ ਵਰਕਰਾਂ ਨੂੰ ਇਕਾਨੋਮਿਜ਼ਮ ਦਾ ਇਸ ਹੱਦ ਤਕ ਸ਼ਿਕਾਰ ਕੀਤਾ ਹੋਇਆ ਹੈ ਕਿ ਉਹ ਪੂਰੀ ਤਰ੍ਹਾਂ ਸਰਮਾਏਦਾਰੀ ਵਿਚ ਗੁੰਦੇ ਹੋਏ ਹਨ। ਸਰਮਾਏਦਾਰੀ ਦੇ ਅੰਦਰ ਅੰਦਰ ਸਿਵਾਏ ਇਵਜ਼ਾਨੇ ਦੀ ਰਾਖੀ ਤੋਂ ਉਹ ਕਿਸੇ ਹੋਰ ਨਿਸ਼ਾਨੇ ਵਾਸਤੇ ਜਦੋ-ਜਹਿਦ ਕਰਦੇ ਹੀ ਨਹੀਂ। ਇਕ ਤਾਂ ਪੈਦਾਵਾਰ ਦਾ ਬੁਰਜੁਆ ਰੂਪ ਪੈਦਾਵਾਰ ਦੇ ਵੇਗ ਬਾਬਤ ਵਰਕਰਾਂ ਦੇ ਪੱਲੇ ਹੀ ਕੁਛ ਨਹੀਂ ਪੈਣ ਦੇਂਦਾ ਅਤੇ ਦੂਸਰੇ ਪੈਦਾਵਾਰ ਦਾ ਵੇਗ ਐਨਾ ਪੇਚੀਦਾ ਹੋ ਗਿਆ ਹੈ ਕਿ ਬਤੌਰ ਜਮਾਤ ਵਰਕਰ ਪੈਦਾਵਾਰ ਦੇ ਵੇਗ ਦੀ ਕਾਇਆਂ ਪਲਟਣ ਦਾ ਸੁਪਨਾ ਵੀ ਨਹੀਂ ਲੈਂਦੇ। ਉਹਨਾਂ ਨੂੰ ਇਹ ਅਹਿਸਾਸ ਹੀ ਨਹੀਂ ਕਿ ਇਸ ਦੀ ਮੁਢੋਂ ਸੁਢੋਂ ਨਵੇਂ ਤਰੀਕੇ ਨਾਲ ਸਿਰਜਣਾ ਕਰਨ ਬਗੈਰ ਉਹਨਾਂ ਦੀ ਗਤੀ ਨਹੀਂ।

ਹਾਲਤ ਇਹ ਹੈ ਕਿ ਉਹਨਾਂ ਦੀ ਅਗਵਾਈ ਕਰਦੀਆਂ ਕਮਿਊਨਿਸਟ ਪਾਰਟੀਆਂ ਆਪ ਵੀ ਇਕਾਨੋਮਿਜ਼ਮ ਦਾ ਸ਼ਿਕਾਰ ਹਨ ਅਤੇ ਪੈਦਾਵਾਰ ਦੇ ਵੇਗ ਨੂੰ ਨਵੇਂ ਸਿਰਿਉਂ ਸਿਰਜਣ ਵਲ ਉਹ ਵੀ ਮੂੰਹ ਨਹੀਂ ਕਰਦੀਆਂ। ਇਸ ਨੂੰ ਇਤਿਹਾਸਕ ਏਜੰਡੇ ਉਤੇ ਰਖਣ ਦਾ ਉਹਨਾਂ ਦਾ ਹੀਆ ਨਹੀਂ। ਸਨਅਤੀ ਮਜ਼ਦੂਰ ਜਮਾਤ ਚੂੰਕਿ ਆਪ ਪੈਦਾਵਾਰ ਦੇ ਬੁਰਜੁਆ ਰੂਪ ਦੀ, ਪੈਦਾਵਾਰ ਦੇ ਬੁਰਜੁਆ ਵੇਗ ਦੀ, ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਦੀ ਸਿਰਜੀ ਹੋਈ ਹੈ ਇਸ ਵਾਸਤੇ ਉਸ ਦੀ ਬਣਤਰ ਵੀ ਬੁਰਜੁਆ ਹੈ। ਜਿਸ ਤਰ੍ਹਾਂ ਦੀ ਪਰੋਲਤਾਰੀ ਨੂੰ ਪੈਦਾਵਾਰ ਦੇ ਬੁਰਜੁਆ ਰੂਪ ਨੇ ਸਿਰਜਿਆ ਹੈ ਉਸ ਹਾਲਤ ਵਿਚ ਆਪਣੇ ਇਤਿਹਾਸਕ ਰੋਲ ਨੂੰ ਅਦਾ ਕਰਨ ਦੇ ਨੁਕਤੇ ਤੋਂ, ਸਰਮਾਏਦਾਰੀ ਦੇ ਵਿਰੁਧ ਇਨਕਲਾਬ ਲਿਆਉਣ ਦੇ ਨੁਕਤੇ ਤੋਂ, ਇਨਕਲਾਬ ਲਿਆ ਕੇ ਸਮਾਜਵਾਦ ਨੂੰ ਉਸਾਰਨ ਦੇ ਨੁਕਤੇ ਤੋਂ ਇਹ ਕੌਡੀਉਂ ਖੋਟੀ ਹੈ। ਮਨੁਖ-ਜਾਤੀ ਦੇ ਇਤਿਹਾਸ ਵਿਚ ਪਰੋਲਤਾਰੀ ਨਾਲੋਂ ਪਹਿਲਾਂ ਮੋਟੇ ਤੌਰ 'ਤੇ ਤਿੰਨ ਹਾਕਮ ਜਮਾਤਾਂ ਹੋਈਆਂ ਹਨ। ਗੁਲਾਮਦਾਰੀ ਵਿਚ ਗੁਲਾਮਾਂ ਦੀ ਮਾਲਕ ਜਮਾਤ, ਫ਼ਿਊਡਲ ਦੌਰ ਵਿਚ ਫ਼ਿਊਡਲ ਤੇ ਸਰਮਾਏਦਾਰੀ ਵਿਚ ਬੁਰਜਵਾਜ਼ੀ। ਇਹ ਤਿੰਨੇ ਜਮਾਤਾਂ ਜਦੋਂ ਇਤਿਹਾਸਕ ਸੀਨ ਉਤੇ ਆਈਆਂ, ਇਹ ਆਪਣਾ ਇਤਿਹਾਸਕ ਰੋਲ ਅਦਾ ਕਰਨ ਦੇ ਯੋਗ ਸਨ ਤੇ ਇਹਨਾਂ ਆਪੋ ਆਪਣਾ ਇਤਿਹਾਸਕ ਰੋਲ ਅਦਾ ਕੀਤਾ।

ਪਰੋਲਤਾਰੀ ਆਪਣਾ ਇਤਿਹਾਸਕ ਰੋਲ ਅਦਾ ਕਰਨ ਦੇ ਨੁਕਤੇ ਤੋਂ ਇਸ ਵਾਸਤੇ ਨਾਕਸ ਹੈ ਕਿ ਇਸ ਨੂੰ ਪੈਦਾਵਾਰ ਦੇ ਬੁਰਜੁਆ ਵੇਗ ਨੇ, ਆਪਣਾ ਗੁਲਾਮ ਬਣਾ ਕੇ ਪੈਦਾ ਕੀਤਾ ਹੈ ਅਤੇ ਨਿਰਾ ਹੱਥ ਬਣਾ ਕੇ ਇਸ ਨੂੰ ਵਾਹ ਰਹੀ ਹੈ। ਪਰੋਲਤਾਰੀ ਤੋਂ ਪਹਿਲਿਆਂ ਤਿੰਨਾਂ ਹਾਕਮ ਜਮਾਤਾਂ ਵਿਚੋਂ ਕਿਸੇ ਨੂੰ ਵੀ ਆਪਣਾ ਇਤਿਹਾਸਕ ਰੋਲ ਅਦਾ ਕਰਨ ਵਾਸਤੇ ਕਾਇਆਂ-ਪਲਟੀ ਕਰਨ ਦੀ ਲੋੜ ਨਹੀਂ ਪਈ। ਪਰ ਜੇ ਪਰੋਲਤਾਰੀ ਹਰ ਨੁਕਤੇ ਤੋਂ ਆਪਣੀ ਕਾਇਆਂ-ਪਲਟੀ ਨਾ ਕਰੇ ਤਾਂ ਇਹ ਆਪਣੇ ਇਤਿਹਾਸਕ ਰੋਲ ਦੇ ਨੁਕਤੇ ਤੋਂ ਖੋਟੀ ਦੁਆਨੀ ਦੀ ਵੀ ਨਹੀਂ। ਮਾਰਕਸ ਏਸ ਗੱਲ

ਤੋਂ ਐਨ ਜਾਣੂ ਸੀ ।[3] ਇਸ ਵਾਸਤੇ ਹੀ ਉਹ ਲਿਖਦਾ ਹੈ ਕਿ ਵਰਕਰਾਂ ਵਾਸਤੇ ਲਾਜ਼ਮੀ ਹੈ ਕਿ ਉਹ ਪੰਦਰਾਂ, ਵੀਹ, ਪੰਜਾਹ ਸਾਲ ਜਦੋ-ਜਹਿਦ ਕਰਨ, ਹਥਿਆਰਬੰਦ ਬਗਾਵਤਾਂ ਵਿਚ ਜੁਟਣ । ਸਿਰਫ਼ ਰਿਸ਼ਤੇ ਬਦਲਣ ਵਾਸਤੇ ਹੀ ਨਹੀਂ, ਬਲਕਿ ਆਪਣੇ ਆਪ ਨੂੰ ਬਦਲਣ ਵਾਸਤੇ ਵੀ, ਆਪਣੇ ਆਪ ਨੂੰ ਸਮਾਜ ਵਿਚ ਸਿਆਸੀ ਸਰਦਾਰੀ ਲੈਣ ਤੇ ਲੈ ਕੇ ਚਲਾਉਣ ਦੇ ਯੋਗ ਬਣਾਉਣ ਵਾਸਤੇ । ਮਾਰਕਸ ਏਸੇ ਗੱਲ ਨੂੰ ਹੋਰ ਸਪਸ਼ਟ ਕਰਦਾ ਲਿਖਦਾ ਹੈ ਕਿ ਹਥਿਆਰਬੰਦ ਇਨਕਲਾਬ[2] ਸਿਰਫ਼ ਇਸ ਵਾਸਤੇ ਹੀ ਲਾਜ਼ਮੀ ਨਹੀਂ ਕਿ ਇਸ ਤੋਂ ਬਗ਼ੈਰ ਹੋਰ ਕਿਸੇ ਤਰੀਕੇ ਨਾਲ ਵੀ ਕਾਬਜ਼ ਜਮਾਤ ਕਬਜ਼ਾ ਨਹੀਂ ਛੱਡਦੀ ਤੇ ਮੂਧੇ-ਮੂੰਹ ਨਹੀਂ ਸੁਟੀ ਜਾ ਸਕਦੀ, ਬਲਕਿ ਇਸ ਵਾਸਤੇ ਵੀ ਕਿ ਕਾਬਜ਼ ਨੂੰ ਮੂੰਹ ਭਾਰ ਸੁਟ ਰਹੀ ਜਮਾਤ, ਸਦੀਆਂ ਦੇ ਉਸ ਦੇ ਆਪਣੇ ਅਦਰ ਪਏ ਗੰਦ ਨੂੰ ਸਿਰਫ਼ ਹਥਿਆਰਬੰਦ ਇਨਕਲਾਬ ਲਿਆਉਂਦੀ ਹੀ, ਉਸ ਦੇ ਰਾਹੀਂ ਹੀ ਆਪਣੇ ਅੰਦਰੋਂ ਬਾਹਰ ਸੁਟ ਉਸ ਤੋਂ ਪਾਕ ਹੋ ਸਕਦੀ ਹੈ, ਅਤੇ ਸਮਾਜ ਨੂੰ ਨਵਿਉਂ ਸਿਰਿਉਂ ਸਿਰਜਣ ਦੇ ਯੋਗ ਹੋ ਸਕਦੀ ਹੈ । ਮਾਰਕਸ ਇਸ ਨੁਕਤੇ ਬਾਬਤ ਤਾਂ ਬਿਲਕੁਲ ਸਹੀ ਹੈ ਕਿ ਆਪਣੀ ਕਾਇਆਂ-ਪਲਟੀ ਕਰਨ ਤੋਂ ਬਗ਼ੈਰ, ਆਪਣੇ ਇਤਿਹਾਸਕ ਰੋਲ ਨੂੰ ਅਦਾ ਕਰਨ ਦੇ ਨੁਕਤੇ ਤੋਂ ਪਰੋਲਤਾਰੀ ਬਿਲਕੁਲ ਨਿਕੰਮੀ ਹੈ, ਪਰ ਜੋ ਉਸ ਦੀ ਉਮੀਦ ਤੇ ਅੰਦਾਜ਼ਾ ਸੀ ਕਿ ਹਥਿਆਰਬੰਦ ਇਨਕਲਾਬ ਦੇ ਵੇਗ ਵਿਚ ਸਾਰੀ ਪਰੋਲਤਾਰੀ ਜਮਾਤ ਦੀ ਹਰ ਲੋੜੀਂਦੇ ਨੁਕਤੇ ਤੋਂ ਕਾਇਆਂ-ਪਲਟੀ ਹੋ ਜਾਵੇਗੀ ਅਤੇ ਉਹ ਆਪਣੀ ਹਰ ਕਮਜ਼ੋਰੀ ਤੋਂ ਪਾਕ ਹੋ ਕੇ ਸਮਾਜ ਨੂੰ ਨਵੇਂ ਸਿਰਿਉਂ ਸਿਰਜਣ ਦੇ ਯੋਗ ਹੋ ਜਾਵੇਗੀ—ਸਹੀ ਸਾਬਤ ਨਹੀਂ ਹੋਇਆ ।

ਰੂਸ ਵਿਚ ਹਥਿਆਰਬੰਦ ਇਨਕਲਾਬ ਆਇਆ, ਪਰ ਇਸ ਦੇ ਬਾਵਜੂਦ ਵਰਕਰ ਜਮਾਤ ਦੇ ਵਿਚੋਂ ਹਜ਼ਾਰਾਂ ਸਾਲਾਂ ਦੇ ਸਮਾਜ ਵਿਚ ਚਲਦੇ ਆਉਂਦੇ ਜਮਾਤੀ ਅੰਗ ਦਾ ਪਾਇਆ ਗੰਦ ਨਾ ਨਿਕਲਿਆ ।[5] ਵਰਕਰ ਗੋਡ ਗੋਡੇ ਉਸੇ ਗੰਦ ਵਿਚ ਧਸੇ ਰਹੇ । ਵਰਕਰ ਲੋੜੀਂਦੀ ਕਿਸਮ ਦਾ ਬੰਦਾ ਨਾ ਬਣਿਆ । ਬਹੁਤ ਹੱਦ ਤਕ ਉਸ ਦੀ ਜ਼ਹਿਨੀਅਤ ਉਹ ਹੀ ਰਹੀ ਜੋ ਪਹਿਲਾਂ ਸੀ, ਜੋ ਸਮਾਜ ਦੇ ਜਮਾਤੀ ਅੰਗ ਨੇ ਬਣਾਈ ਹੋਈ ਸੀ—''ਮੈਨੂੰ ਆਪਣੇ ਆਪ ਨਾਲ ਵਾਸਤਾ ਹੈ, ਮੈਨੂੰ ਕੀ, ਹੋਰ ਭਾਵੇਂ ਪੈਣ ਢੱਠੇ ਖੂਹ ਵਿਚ ।'' ਇਨਕਲਾਬ ਆਉਣ ਦੇ ਬਾਵਜੂਦ ਉਸ ਦੀ ਏਸ ਜ਼ਹਿਨੀਅਤ ਨੇ ਉਸ ਨੂੰ ਥਾਂ ਲਾਈ ਰਖਿਆ । ਉਸ ਨੂੰ ਬੁਰਜੂਆ ਰਿਸ਼ਤਿਆਂ ਦੇ ਗੰਦ ਵਿਚੋਂ ਨਾ ਨਿਕਲਣ ਦਿੱਤਾ । ਉਹਨਾਂ ਦਾ ਬੀਜ ਨਾਸ ਨਾ ਕਰਨ ਦਿੱਤਾ । ਉਸ ਨੂੰ ਉਸ ਦੇ ਜਮਾਤੀ ਹਿੱਤ ਦੇ ਯੋਗ ਬੰਦਾ ਨਾ ਬਣਨ ਦਿੱਤਾ । ਇਨਕਲਾਬ ਆ ਚੁਕਾ ਸੀ । ਕੰਮ ਸਮਾਜਵਾਦ ਦੀ ਉਸਾਰੀ ਵਾਸਤੇ ਪਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਸੀ, ਪਰ ਰੂਸ ਦੀ ਵਰਕਰ ਜਮਾਤ ਸੇਵਾ-ਭਾਵ ਨਾਲ ਪੈਦਾਵਾਰ ਦਾ ਕੰਮ ਕਰਨ ਨੂੰ ਤਿਆਰ ਨਹੀਂ ਸੀ ।

ਸਿਰਫ਼ ਇਹ ਹੀ ਨਹੀਂ, ਉਹ ਆਪਣੇ ਆਪ 'ਤੇ ਆਪ ਜ਼ਾਬਤਾ ਪਾ ਕੇ, ਸਵੈ-ਡਿਸਿਪਲਿਨ ਲਾਗੂ ਕਰ ਕੇ ਕੰਮ ਕਰਨ ਨੂੰ ਤਿਆਰ ਨਹੀਂ ਸੀ । ਉਸ ਨੂੰ ਅਜੇ ਤਕ ਇਹ ਅਹਿਸਾਸ ਹੀ ਨਹੀਂ ਸੀ ਹੋਇਆ ਕਿ ਬਤੌਰ ਜਮਾਤ ਆਪਣੇ ਬੰਧੇਜ ਨਾਲ ਹੀ ਕੰਮ ਹੋਣਾ ਚਾਹੀਦਾ ਹੈ । ਲੈਨਿਨ ਇਹ ਹਾਲਤ ਵੇਖ ਕੇ ਕੁਰਲਾਇਆ[6] ਕਿ ਉਸ ਦੇ ਮੁਲਕ ਦੀ ਵਰਕਰ ਜਮਾਤ ਅਜੇ ਵੀ ਸਰਮਾਏ ਦੇ ਡੰਡੇ ਬਗ਼ੈਰ ਕੰਮ ਕਰਨ ਦੇ ਰਾਹੇ ਨਹੀਂ ਪਈ । ਉਸ ਨੇ ਹਿਦਾਇਤ ਦਿੱਤੀ ਕਿ ਬਗ਼ੈਰ ਕਿਸੇ ਲਿਹਾਜ਼ ਜਾਂ ਤਰਸ ਦੇ ਵਰਕਰਾਂ ਉਤੇ ਬਾਹਰੋਂ ਜਾਬਤਾ ਪਾਉ ਅਤੇ ਇਹਨਾਂ ਤੋਂ ਕੰਮ ਕਰਵਾਉ । ਉਸ ਨੇ ਅਫ਼ਸੋਸ ਨਾਲ ਕਿਹਾ ਕਿ ਜਿਸ ਤਰ੍ਹਾਂ ਦਾ ਸਾਨੂੰ ਸਰਮਾਏਦਾਰੀ ਨੇ ਬਣਾ ਕੇ ਵਿਰਸੇ ਵਿਚ ਵਰਕਰ



ਦਿੱਤਾ ਹੈ, ਉਹ ਬਿਲਕੁਲ ਗਿਆਨ-ਵਿਹੂਣਾ ਹੈ । ਉਸ ਦੇ ਦਿਮਾਗ਼ ਨੂੰ ਉਸ ਦੇ ਜਮਾਤੀ ਹਿੱਤ ਦੀ, ਗਿਆਨ ਦੀ ਕੋਈ ਲੋਅ ਨਹੀਂ ਲੱਗੀ । ਉਸਦੇ ਦਿਮਾਗ਼ ਵਿਚ ਹਨੇਰ ਹੀ ਹਨੇਰ ਛਾਇਆ ਹੋਇਆ ਹੈ ।

ਲੈਨਿਨ ਦਾ ਮਤਲਬ ਸੀ ਕਿ ਇਨਕਲਾਬ ਦੇ ਆਇਆਂ ਵੀ, ਪਾਰਟੀ ਦੀ ਡਿਕਟੇਟਰਸ਼ਿਪ ਦੇ ਅਧੀਨ ਵੀ ਵਰਕਰ ਦੀ ਕੰਮ ਦੀ ਪਰੇਰਨਾ ਸਮਾਜਵਾਦੀ ਨਹੀਂ ਹੋਈ । ਬੰਦਾ ਕੀ ਹੈ ? ਉਸ ਦਾ ਕੰਮ, ਜਿਸ ਪਰੇਰਨਾ ਦੇ ਅਧੀਨ, ਜਿਸ ਮਨੋਰਥ ਦੇ ਅਧੀਨ ਉਹ ਆਪਣਾ ਜ਼ਿੰਦਗੀ ਦਾ ਕੰਮ ਕਰਦਾ ਹੈ । ਦੂਸਰੇ ਲਫ਼ਜ਼ਾਂ ਵਿਚ, ਇਨਕਲਾਬ ਦੇ ਆਉਣ ਦੇ ਬਾਵਜੂਦ ਵਰਕਰ ਦੀ ਬਣਤਰ ਸਮਾਜਵਾਦੀ ਨਹੀਂ ਸੀ ਬਣੀ, ਬੁਰਜੂਆ ਹੀ ਤੁਰੀ ਆਈ ਸੀ । ਪਰ ਸਵਾਲ ਇਹ ਨਹੀਂ ਕਿ ਜਿਸ ਤਰ੍ਹਾਂ ਦੀ ਪੈਦਾਵਾਰ ਦੇ ਬੁਰਜੂਆ ਰੂਪ ਨੇ ਪਰੋਲਤਾਰੀ ਨੂੰ ਬਣਾਇਆ ਹੈ ਉਹ ਸਰਮਾਏਦਾਰੀ ਨੂੰ ਖ਼ਤਮ ਕਰ ਕੇ ਸਮਾਜਵਾਦ ਉਸਾਰਨ ਦੇ ਯੋਗ ਹੈ ਕਿ ਨਹੀਂ । ਸਾਫ਼ ਹੈ ਕਿ ਇਸ ਹਾਲਤ ਵਿਚ ਉਹ ਆਪਣਾ ਇਤਿਹਾਸਕ ਰੋਲ ਅਦਾ ਕਰਨ ਦੇ ਨਿਫਿੱਟ ਹੈ । ਸੋ ਸਵਾਲ ਇਹ ਨਹੀਂ ਕਿ ਇਕ ਜਾਂ ਦੂਸਰਾ ਵਰਕਰ ਜਾਂ ਉਸ ਦੀ ਸਾਰੀ ਜਮਾਤ ਕਿਸੇ ਵੇਲੇ ਕੀ ਸੋਚਦੀ ਹੈ, ਕਿਸ ਜਮਾਤੀ ਪੈਂਤੜੇ ਤੇ ਹੈ ।[7] ਸਵਾਲ ਇਹ ਹੈ ਕਿ ਪੈਦਾਵਾਰ ਦੇ ਵੇਗ ਵਿਚ ਉਸ ਦੀ ਪੁਜ਼ੀਸ਼ਨ ਕੀ ਹੈ ? ਉਸ ਦੀ ਪੁਜ਼ੀਸ਼ਨ ਦੀ ਡਾਇਲੈਕਟਿਕ ਕੀ ਹੈ ? ਉਸ ਡਾਇਲੈਕਟਿਕ ਦੀ ਮੰਗ ਕੀ ਹੈ ? ਜਦੋਂ ਉਹ ਆਪਣੀ ਡਾਇਲੈਕਟਿਕ ਦੀ ਬੁਰਜੂਆ ਹਿੱਤੀ ਜੁਜ਼ ਤੋਂ ਉਠ ਕੇ ਉਸ ਦੇ ਵਿਰੋਧੀ ਜੁਜ਼ 'ਤੇ ਜਾਵੇਗੀ, ਉਹ ਕੀ ਬਣੇਗੀ ? ਸਵਾਲ ਇਹ ਹੈ ਕਿ ਕੀ ਉਹ ਵਿਰੋਧੀ ਜੁਜ਼ 'ਤੇ ਜਾ ਸਕਦੀ ਹੈ, ਲਿਆਂਦੀ ਜਾ ਸਕਦੀ ਹੈ । ਏਥੇ ਜਮਾਤੀ ਜਦੋ-ਜਹਿਦ ਦੀ ਅਹਿਮੀਅਤ, ਉਸ ਦਾ ਰੋਲ ਸਪਸ਼ਟ ਹੈ । ਸਵਾਲ ਹੈ ਪਰੋਲਤਾਰੀ ਨੂੰ ਬੁਰਜੂਆ ਵਿਚਾਰਧਾਰਾ ਦੇ ਸ਼ਿਕੰਜੇ ਵਿਚੋਂ ਕੱਢ ਕੇ ਮਾਰਕਸਵਾਦੀ ਵਿਚਾਰਧਾਰਾ ਵਰਨ ਵਿਚ ਉਸ ਦੀ ਮਦਦ ਕਰਨ ਦਾ । ਉਸ ਡਾਇਲੈਕਟਿਕ ਦੀ ਇਕ ਜੁਜ਼ ਤੋਂ ਚੁਕ ਕੇ ਉਸ ਨੂੰ ਉਸ ਦੀ ਵਿਰੋਧੀ ਜੁਜ਼ 'ਤੇ ਲਿਆਉਣ ਦਾ । ਜਮਾਤੀ ਜਦੋ-ਜਹਿਦ ਰਾਹੀਂ ਹਰ ਨੁਕਤੇ ਤੋਂ ਜਮਾਤੀ ਤੌਰ 'ਤੇ ਉਸ ਦੀ ਕਾਇਆਂ-ਪਲਟੀ ਕਰਨ ਦਾ । (ਚਲਦਾ)

---

1. Modern industry, indeed compels society, under penalty of death to replace the detail worker of today, crippled by life long repetition of one and the same trivial operation, and thus reduced to the mere fragment of a man, by the fully developed individual, fit for a variety of labours, ready to face any change of production, and to whom the different social functions he performs are but so many modes of giving free scope to his own natural and acquired powers. MARX, Capital (Machinery and Modern Industry).

2. This revolution is necessary, therefore, not only because the ruling class cannot be overthrown in any other way, but also because the class overthrowing it can only in a revolution succeed in ridding itself of all the muck of ages and become fitted to found society anew. MARX, German Ideology.

Here Marx puts his finger on the central issue : "the proletariat must not only change the relations of society but in the process

change itself." Paul Sweezy, Tansition to Socialism, p. 116.

3. While we say to the workers : you have to undergo fifteen, twenty, fifty years of civil wars and popular struggles not only to change the relations but to change yourselves and prepare yourselves for political mastery. MARX, (Werke, vol. 8, p. 412)

4. The knowledge and judgement and the will which, though in ever so small a degree, are practiced by the independent peasant and handicraftsman—are now required only for the workshop as a whole. Intelligence in production expands in one direction because it vanishes in many others. What is lost by the detail labourer is concentrated in the capital that employs them. It is a result of the division of labour in manufactures that the labourer is brought face to face with the intellectual potencies of the material process of production as the property of another, and as a ruling power. This separation begins in simple cooperation, where the capitalist represents to the single workman the oneness and the will of the associated labour. It is developed in manufacture which cuts down the labourer into a detail labourer. It is completed in modern industry which makes science a productive force, distinct from labour and presses it into the service of capital. MARX, Capital, vol. 1, pp. 396-97.

5. The workers were never separated by Great Wall of China from the old society. And they have preserved a good deal of the traditional mentality of capitalist society. The workers are building a new society without themselves having become new people or cleansed of the filth of the old world, they are still standing upto their knees in that filth...We are building while still standing on the soil of capitalist society, combating all those weaknesses and shortcomings which also affect the working people and which tend to drag the proletariat down. There are many old separatist habits and customs of the small holder in this struggle, and we still feel the effects of the old maxim : "Every man for himself, and the devil take the hind-most." LENIN Collected Works, Vol. 28, pp. 424-5.

6. Discipline must be enforced upon them from outside, without any "sentimentality," for the working man, as we have inherited him from capitalism, is in a state of utter benightedness and ignorance, and does not realize that work can be done not only under the lash of capital but also under the guidance of the organized worker." LENIN, Collected Works, Vol. 31, pp. 176-77.

7. The Party's appropriate role as educator and guide of the proletariat corresponds to the place which Leninism ascribes to revolutionary theory, and to the acknowledged need to struggle against bourgeois ideology as the dominant ideology. This role implies rejection of the naive conception according to which the proletariat is ready at any moment and on a mass scale to engage in revolutionary action. Leninism here links up with Marx's analysis which distinguish between the theory of the proletariat (a theory which draws scientific conclusions from the existence of the proletariat : from the relations in which the proletariat is involved, and from the struggles it wages) and what proletarians imagine their role and their interest to be in any given situation. We recall what Marx wrote on this point, "The question is not what this or that proletarian, or even the whole of the proletariat considers as its aim. The question is what the proletariat is, and what, consequent on that being, it will be compelled to do." Charles Bettleheim, Class Struggles in the USSR, Vol. 1, p. 359.



---


⊙ ਸਾਹਿਤ ਦੀ ਸਮਝ

ਕਿਸ਼ਨ ਸਿਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ — ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ । ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ ! ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ, ਮੁਲ : ਪੰਦਰਾਂ ਰੁਪੈ ।

---

⊙ ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮੱਸਿਆਵਾਂ

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿੰਦੀ ਦਾ ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇ ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ ? ਅੰਗਰੇਜ਼ੀ ਦਾ ਰੋਲ ਕੀ ਹੈ ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ । ਪੰਨੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ ।


*

o ਰੀਵੀਊ ਲਈ ਪੁਸਤਕਾਂ ਦੀਆਂ ਦੋ ਕਾਪੀਆਂ ਦਾ ਆਉਣਾ ਜ਼ਰੂਰੀ ਹੈ । ਇਹ ਗਰੰਟੀ ਨਹੀਂ ਕਿ ਹਰ ਪੁਸਤਕ ਦਾ ਰੀਵੀਊ ਕੀਤਾ ਜਾਵੇਗਾ, ਪਰ ਇਹ ਯਕੀਨ ਤੁਹਾਨੂੰ ਅਸੀਂ ਦਿਵਾਂਦੇ ਹਾ ਕਿ ਜੇ ਪੁਸਤਕ ਵਿਚ "ਦਮ" ਹੋਇਆ ਤਾਂ ਜ਼ਰੂਰ ਰੀਵੀਊ ਹੋਵੇਗਾ; "ਤਕੜਾ ਦਮ" ਹੋਇਆਂ ਤਾਂ ਉਸ 'ਤੇ ਲੇਖ ਵੀ ਲਿਖਿਆ ਜਾ ਸਕਦਾ ਹੈ ।

ਜਗਜੀਤ ਸਿੰਘ

# ਜਾਤ-ਪਾਤੀ ਪ੍ਰਬੰਧ ਕੇਵਲ ਹਿੰਦ ਵਿਚ

ਜਾਤ ਤੇ ਜਮਾਤ ਦੋਵੇਂ ਮਨੁਖੀ ਭਾਈਚਾਰੇ ਨੂੰ ਦਰਜਾ-ਬਦਰਜੀ ਦੇ ਬੰਧਨਾਂ ਵਿਚ ਬੰਨ੍ਹਦੀਆਂ ਹਨ। ਪਰ ਜਮਾਤੀ-ਵੰਡ ਜੇ ਇਕ ਰੱਸੇ ਨਾਲ ਬੰਨ੍ਹਦੀ ਹੈ ਤਾਂ ਜਾਤੀ-ਵੰਡ ਕਈ ਰੱਸਿਆਂ ਨਾਲ। ਇਸ ਤੋਂ ਇਲਾਵਾ ਜਾਤੀ ਬੰਧਨਾਂ ਦੀਆਂ ਗੰਢਾਂ ਵਧੇਰੇ ਪੀਢੀਆਂ ਹਨ। ਇਸ ਵਾਸਤੇ ਜਾਤੀ-ਵੰਡ ਨੂੰ ਉਧੇੜਨਾ ਜਮਾਤੀ-ਵੰਡ ਦੇ ਉਧੇੜਨ ਨਾਲੋਂ ਕਠਨ ਹੈ। ਇਸ ਤੋਂ ਬਿਨਾ, ਭਾਵੇਂ ਜਾਤ ਅਤੇ ਜਮਾਤ ਵਿਚਕਾਰ ਕਈ ਅਨਸਰਾਂ ਦੀ ਸਾਂਝ ਹੈ, ਜਾਤ-ਪਾਤੀ ਪ੍ਰਬੰਧ ਨੇ ਕੇਵਲ ਹਿੰਦ ਵਿਚ ਇਕ ਪੱਕੇ ਪ੍ਰਬੰਧ (system) ਦੀ ਸ਼ਕਲ ਫੜੀ। ਇਸ ਕਰਕੇ ਦਰਜਾ-ਬਦਰਜੀ ਵਿਰੁਧ ਘੋਲ ਲਈ ਜੋ ਨੁਸਖ਼ੇ ਹੋਰ ਦੇਸਾਂ ਵਿਚ ਕਾਮਯਾਬ ਹੋਏ, ਉਹ ਇਨ ਬਿਨ ਘੜੇ ਘੜਾਏ ਸਾਡੇ ਦੇਸ ਦੇ ਹਾਲਾਤ ਵਿਚ ਬਿਨਾਂ ਅਦਲਾ ਬਦਲੀ ਦੇ ਲਾਗੂ ਨਹੀਂ ਹੋ ਸਕਦੇ। ਇਸ ਕਾਰਨ ਜਾਤ-ਪਾਤੀ ਪ੍ਰਬੰਧ ਦੇ ਤੰਦਵਿਆਂ ਦੀਆਂ ਬਾਰੀਕੀਆਂ ਤੇ ਪਸਾਰ ਨੂੰ ਸਮਝਣਾ ਜ਼ਰੂਰੀ ਹੈ। ਰੋਗ ਦੀ ਤਸ਼ਖੀਸ ਕੀਤੇ ਬਿਨਾ ਇਲਾਜ ਟੋਣੇ ਲਾਉਣ ਦੇ ਬਰਾਬਰ ਹੁੰਦਾ ਹੈ। ਜਾਤ-ਪਾਤੀ ਪ੍ਰਬੰਧ ਸੰਬੰਧੀ ਛਪੇ ਮਜ਼ਮੂਨਾਂ ਦੀ ਗਿਣਤੀ ਸੈਂਕੜਿਆਂ ਵਿਚ ਨਹੀਂ, ਹਜ਼ਾਰਾਂ ਵਿਚ ਹੈ। ਅਸੀਂ ਇਸ ਪ੍ਰਬੰਧ ਦੇ ਕੇਵਲ ਚੰਦ ਇਕ ਮੋਟੇ ਮੋਟੇ ਪੱਖ ਪੇਸ਼ ਕਰਨਾ ਚਾਹੁੰਦੇ ਹਾਂ ਤਾਕਿ ਪਾਠਕ ਦਾਣੇ ਨੂੰ ਟੋਹ ਕੇ ਦਾਲ ਦੀ ਪਰਖ ਕਰ ਸਕਣ।

ਪੁਰਾਤਨ ਜ਼ਮਾਨੇ ਵਿਚ ਇਰਾਕ ਦੀ ਵਸੋਂ ਓਸੇ ਤਰ੍ਹਾਂ ਦੇ ਚਾਰ ਭਾਗਾਂ ਵਿਚ ਵੰਡੀ ਹੋਈ ਸੀ ਜਿਵੇਂ ਹਿੰਦ ਦੀ ਚਾਰ ਵਰਨਾਂ ਵਿਚ।[1] ਪੁਰਾਤਨ ਅਸੀਰੀਆ ਤੇ ਮਿਸਰ ਵਿਚ ਇਕ ਕਿੱਤਾ (trade) ਕਰਨ ਵਾਲੇ ਹੋਰ ਵਖਰਾ ਕਿੱਤਾ ਕਰਨ ਵਾਲਿਆਂ ਨਾਲ ਵਿਆਹ ਨਹੀਂ ਸੀ ਕਰ ਸਕਦੇ। 'ਅਸੀਰੀਆ ਦੀ ਸਲਤਨਤ ਵਿਚ ਜਨਤਾ ਕਬੀਲਿਆਂ ਵਿਚ ਵੰਡੀ ਹੋਈ ਸੀ ਅਤੇ ਕਿੱਤਿਆਂ ਦੀ ਵੰਡ ਜੱਦੀ ਹੁੰਦੀ ਸੀ। ਅਰਥਾਤ ਬੱਚਿਆਂ ਨੂੰ ਇਹ ਖੁਲ੍ਹ ਨਹੀਂ ਸੀ ਹੁੰਦੀ ਕਿ ਆਪਣੇ ਪਿਤਾ ਦਾ ਕਿੱਤਾ ਛੱਡ ਕੇ ਕੋਈ ਹੋਰ ਅਪਣਾ ਲੈਣ (Diodorus, Lib. ii, p. 142)। ਸਾਨੂੰ ਇਹ ਪਤਾ ਨਹੀਂ ਕਿ ਇਹ ਪ੍ਰਬੰਧ ਕਦੋਂ ਸ਼ੁਰੂ ਹੋਇਆ ਤੇ ਕਿਸ ਕੀਤਾ, ਪਰ ਧੁਰ ਕਦੀਮਾਂ ਤੋਂ ਇਹ ਤਕਰੀਬਨ ਸਾਰੇ ਏਸ਼ੀਆ ਅਤੇ ਕਈ ਹੋਰ ਮੁਲਕਾਂ ਵਿਚ ਰਾਇਜ ਸੀ'।[2]

ਇਸੇ ਤਰ੍ਹਾਂ ਹਿੰਦ ਤੋਂ ਬਾਹਰਲੇ ਦੇਸ਼ਾਂ ਵਿਚ ਐਸੇ ਅਦਾਰਿਆਂ (institutions) ਦੀਆਂ ਮਿਸਾਲਾਂ ਹਨ ਜੋ ਜਾਤ-ਪਾਤੀ ਪ੍ਰਬੰਧ ਦੇ ਕਈ ਇਕ ਪਹਿਲੂਆਂ ਨਾਲ ਮੇਲ ਖਾਂਦੇ ਹਨ। ਅਸੀਂ



ਕੇਵਲ ਚੰਦ ਇਕ ਉਨ੍ਹਾਂ ਮਿਸਾਲਾਂ ਨੂੰ ਲੈਂਦੇ ਹਾਂ ਜਿਨ੍ਹਾਂ ਦਾ ਨੇੜ ਹਿੰਦ ਦੇ ਅਛੂਤਾਂ ਨਾਲ ਜਾਪਦਾ ਹੈ, ਕਿਉਂਕਿ ਹਾਥੀ ਦੇ ਪੈਰ ਵਿਚ ਸਭ ਦੇ ਪੈਰ। ਜਿਹੜੇ ਨੁਕਤੇ ਵਲ ਅਸੀਂ ਧਿਆਨ ਦਿਵਾਉਣਾ ਚਾਹੁੰਦੇ ਹਾਂ, ਜੇ ਉਹ ਅਛੂਤਾਂ ਦੇ ਸਿਰੇ ਦੇ ਮਸਲੇ ਨਾਲ ਮੇਲ ਖਾਂਦੀਆਂ ਮਿਸਾਲਾਂ ਤੋਂ ਜ਼ਾਹਰ ਹੋ ਜਾਏ ਤਾਂ ਜਾਤ-ਪਾਤੀ ਪ੍ਰਬੰਧ ਦੇ ਹੋਰ ਪਹਿਲੂਆਂ ਨਾਲ ਸੰਬੰਧਤ ਮਿਸਾਲਾਂ ਦਾ ਜ਼ਿਕਰ ਕਰਨਾ ਬੇਲੋੜਾ ਹੋਵੇਗਾ।

ਮਿਸਰ ਦੇ ਸੂਰ-ਪਾਲਕ ਕਿਸੇ ਧਰਮ-ਮੰਦਰ ਵਿਚ ਪੈਰ ਨਹੀਂ ਸੀ ਪਾ ਸਕਦੇ ਅਤੇ ਵਿਆਹ-ਸ਼ਾਦੀ ਵੀ ਆਪਣੇ ਭਾਈਚਾਰੇ ਵਿਚ ਹੀ ਕਰ ਸਕਦੇ ਹਨ।[3] ਅਫਰੀਕਾ ਦੇ ਉਤਰ-ਪੂਰਬੀ ਕੋਨੇ ਦੇ ਸਮਾਲੀ ਵਸਨੀਕਾਂ ਵਿਚ 'ਜੱਦੀ ਲੁਹਾਰ ਅੱਡਰੀਆਂ ਬਸਤੀਆਂ ਵਿਚ ਰਹਿੰਦੇ ਹਨ। ਜੇ 'ਮਸਾਈ' ਲੁਹਾਰ ਨੂੰ ਮਾਰ ਦੇਵੇ ਤਾਂ ਉਸ ਨੂੰ ਕੋਈ ਸਜ਼ਾ ਨਹੀਂ, ਪਰ ਲੁਹਾਰ 'ਮਸਾਈ' ਨੂੰ ਨਹੀਂ ਮਾਰ ਸਕਦਾ।...ਲੁਹਾਰ ਦੀਆਂ ਬਣਾਈਆਂ ਚੀਜ਼ਾਂ ਭਿਟੀਆਂ ਸਮਝੀਆਂ ਜਾਂਦੀਆਂ ਹਨ ਅਤੇ ਵਰਤਣ ਤੋਂ ਪਹਿਲੋਂ ਚਰਬੀ ਲਾ ਕੇ ਸੁਧ ਕੀਤੀਆਂ ਜਾਂਦੀਆਂ ਹਨ। ਲੁਹਾਰ ਦਾ ਰਾਤ ਵੇਲੇ ਨਾਮ ਤਕ ਮੂੰਹੋਂ ਨਹੀਂ ਉਚਰਿਆ ਜਾਂਦਾ ਮਤਾਂ ਸ਼ੇਰ ਹਮਲਾ ਕਰ ਦੇਣ।'[4]

ਅਫਰੀਕਾ ਦੇ ਹੀ ਐਨ ਦੂਸਰੇ ਬੰਨੇ 'ਓਸੂ' ਲੋਕ 'ਇਬੂ' ਲੋਕਾਂ ਦੇ ਭਾਈਚਾਰੇ ਵਿਚ ਰਹਿੰਦੇ ਹਨ। 'ਓਸੂ' ਲੋਕ 'ਇਬੂਆਂ' ਨਾਲ ਖੁਲ੍ਹਾ ਮੇਲ ਨਹੀਂ ਕਰ ਸਕਦੇ; ਉਨ੍ਹਾਂ ਦੇ ਘਰ ਅੱਡਰੀਆਂ ਬਸਤੀਆਂ ਵਿਚ ਹੁੰਦੇ ਹਨ ਅਤੇ ਕਿਸੇ ਨੂੰ 'ਓਸੂ' ਕਹਿ ਦੇਣਾ ਉਸ ਦੀ ਹੱਤਕ ਕਰਨਾ ਹੈ।[5]

ਜਾਪਾਨ ਵਿਚ 'ਏਟਾ' ਲੋਕ, ਅਛੂਤਾਂ ਦੀ ਇਕ ਕੌਮ ਹੈ। 'ਉਨ੍ਹਾਂ ਦੇ ਵਿਰੁਧ ਇਤਨੀ ਨਫਰਤ ਸੀ ਕਿ ਜੇ ਸ਼ਬਦ ਏਟਾ ਆਖਣਾ ਹੀ ਪਵੇ ਤਾਂ ਬੜੀ ਮੱਧਮ ਆਵਾਜ਼ ਵਿਚ ਆਖਿਆ ਜਾਂਦਾ। ਉਨ੍ਹਾਂ ਨੂੰ ਮਨੁਖ-ਜਾਤੀ ਤੋਂ ਨੀਵਾਂ ਸਮਝਿਆ ਜਾਂਦਾ ਅਤੇ ਉਨ੍ਹਾਂ ਦੇ ਨਾਮ ਨਾਲ ਸ਼ਬਦ 'ਬਿਕੀ' ਜੋੜਿਆ ਜਾਂਦਾ ਜੋ ਪਸ਼ੂਆਂ ਲਈ ਵਰਤਿਆ ਜਾਂਦਾ। ਉਹ ਪਿੰਡ ਤੋਂ ਅਲੇਹਦਾ ਬਸਤੀ ਵਿਚ ਰਹਿੰਦੇ। ਉਨ੍ਹਾਂ ਨੂੰ ਵਖਰੀ ਕਿਸਮ ਦੀ ਪੋਸ਼ਾਕ ਪਾਉਣੀ ਪੈਂਦੀ। ਆਪਣੇ ਦਾਇਰੇ ਅੰਦਰ ਹੀ ਸ਼ਾਦੀ ਕਰ ਸਕਦੇ। ਹੋਰ ਜਾਤੀਆਂ ਨਾਲ ਭਾਈਚਾਰਕ ਵਰਤੋਂ ਨ ਕਰ ਸਕਦੇ ਅਤੇ ਘਰੋਂ ਬਾਹਰ ਸੂਰਜ ਛਿਪਣ ਤੋਂ ਲੈ ਕੇ ਸੂਰਜ ਚੜ੍ਹਨ ਵੇਲੇ ਤਕ ਹੀ ਨਿਕਲ ਸਕਦੇ।[6]

ਹਿੰਦੀ ਅਛੂਤਾਂ ਨਾਲ ਮੇਲ ਖਾਂਦੀ ਸਭ ਤੋਂ ਨੇੜੇ ਦੀ ਮਿਸਾਲ ਬਰਮਾ ਦੇ ਮੰਦਰਾਂ ਦੇ ਗੁਲਾਮਾਂ (pagoda slaves) ਦੀ ਹੈ। 'ਬਰਮੀ ਮੰਦਰ ਦਾ ਗੁਲਾਮ ਉਮਰ ਭਰ ਲਈ ਗੁਲਾਮ ਹੈ ਅਤੇ ਉਸ ਦੀ ਔਲਾਦ ਤੇ ਆਉਣ ਵਾਲੀਆਂ ਨਸਲਾਂ ਹਮੇਸ਼ਾਂ ਲਈ ਪਗੋਡਾ ਗੁਲਾਮ ਹੁੰਦੇ ਹਨ। ਉਨ੍ਹਾਂ ਨੂੰ ਬਾਦਸ਼ਾਹ ਵੀ ਗੁਲਾਮੀ ਤੋਂ ਛੁਟਕਾਰਾ ਨਹੀਂ ਦਿਵਾ ਸਕਦਾ।'[7]

ਉਪ੍ਰੋਕਤ ਮਿਸਾਲਾਂ ਦੋ ਨੁਕਤਿਆਂ ਵਲ ਧਿਆਨ ਦਿਵਾਉਣ ਲਈ ਦਿਤੀਆਂ ਗਈਆਂ ਹਨ। ਭਾਈਚਾਰਕ ਪਾਬੰਦੀਆਂ, ਜੋ ਹਿੰਦੀ ਜਾਤ-ਪਾਤੀ ਪਾਬੰਦੀਆਂ ਨਾਲ ਮੇਲ ਖਾਂਦੀਆਂ ਹਨ, ਹਿੰਦ ਤੋਂ ਸਿਵਾ ਕਿਧਰੇ ਵੀ ਪਸਰ ਕੇ ਜਾਤ-ਪਾਤੀ ਪ੍ਰਬੰਧ ਦੀ ਸ਼ਕਲ ਨ ਫੜ ਸਕੀਆਂ। ਅਰਥਾਤ ਇਹ ਪਾਬੰਦੀਆਂ ਸੁਸਾਇਟੀ ਦੇ ਇਕ ਛੋਟੇ ਜਿਹੇ ਭਾਗ ਤਕ ਮਹਿਦੂਦ ਰਹੀਆਂ ਅਤੇ ਹਿੰਦ ਵਾਂਗ ਸਮੁਚੇ ਸਮਾਜ ਦਾ ਤਾਣਾ ਪੇਟਾ ਨਾ ਬਣੀਆਂ। ਰੈਵੀਲਊਟ ਇਸ ਨਤੀਜੇ ਉਤੇ ਅਪੜਦਾ ਹੈ ਕਿ 'ਮਿਸਰ ਦੀਆਂ ਇਨ੍ਹਾਂ ਅਖੌਤੀ ਜਾਤਾਂ (castes) ਦਾ ਅਸਲਾ ਕੁਝ ਵੀ ਹੋਵੇ, ਇਹ ਕੋਈ ਨਿਸ਼ਾਨੀ ਨਹੀਂ ਮਿਲਦੀ ਕਿ (ਉਥੇ) ਕੋਈ ਜਾਤ-ਪਾਤੀ ਪ੍ਰਬੰਧ ਸੀ ਜੋ ਹਿੰਦ ਦੇ ਨਾਲ ਅਸਲੋਂ ਮਿਲਦਾ ਹੋਵੇ।'[8]

ਅਫ਼ਰੀਕਾ ਦੀਆਂ ਮਿਸਾਲਾਂ ਬਾਰੇ ਹਟਨ ਲਿਖਦਾ ਹੈ ਕਿ 'ਭਾਵੇਂ ਇਨ੍ਹਾਂ ਦੇ ਕਈ ਪੱਖ ਜਾਤ-ਪਾਤੀ ਪ੍ਰਬੰਧ ਨਾਲ ਮਿਲਦੇ ਹਨ ਪਰ ਇਨ੍ਹਾਂ ਨਾਲ ਜਾਤ-ਪਾਤੀ ਪ੍ਰਬੰਧ ਨਹੀਂ ਬਣਦਾ'।[9] ਬਰਮਾ ਦੀ ਮਿਸਾਲ ਬਾਰੇ ਹਟਨ ਦੀ ਰਾਏ ਹੈ ਕਿ ਜਾਤ-ਪਾਤ ਦੀ ਉਪਜ 'ਇਕ ਪਧਰ ਉਤੇ ਆ ਕੇ ਖੜੀ ਹੋ ਗਈ ਅਤੇ ਹੋਰ ਨ ਵਧੀ। ਜੇ ਵਿਗੜੀ ਵੀ ਤਾਂ ਸੁਸਾਇਟੀ ਦੇ ਛੋਟੇ ਜਿਹੇ ਭਾਗ ਤਕ ਸੀਮਤ ਰਹੀ ਅਤੇ ਬਾਕੀ ਦੀ ਸੁਸਾਇਟੀ ਨੂੰ ਨ ਛੋਹੀ, ਕਿਉਂਕਿ ਸਮੁਚੇ ਤੌਰ ਉਤੇ ਬਰਮੀ ਲੋਕ ਜਾਤ-ਪਾਤ ਤੋਂ ਉਤਨੇ ਹੀ ਬੇਲਾਗ ਹਨ ਜਿਤਨੇ ਕਿ ਹੋਰ ਉਹ ਲੋਕ ਜਿਨ੍ਹਾਂ ਵਿਚੋਂ ਜਾਤ-ਪਾਤ ਨਾਲ ਮਿਲਦੀਆਂ ਮਿਸਾਲਾਂ ਦਿਤੀਆਂ ਗਈਆਂ ਹਨ'।[10]

ਰੂਮ (ਇਟਲੀ) ਵਿਚ ਇਕ ਕਾਨੂੰਨ ਰਾਹੀਂ (Theo-dosian code) ਕੋਸ਼ਸ਼ ਕੀਤੀ ਗਈ ਕਿ ਸਾਰੀਆਂ ਪਬਲਕ ਕਾਰਗੁਜ਼ਾਰੀਆਂ ਜੱਦੀ ਬਣ ਜਾਣ ਅਤੇ ਵਿਆਹ-ਸ਼ਾਦੀਆਂ ਦੇ ਸੰਬੰਧ ਵੀ ਇਨ੍ਹਾਂ ਮੁਤਾਬਕ ਹੀ ਹੱਦਬੰਦ ਹੋ ਜਾਣ। ਪਰ ਕਾਮਿਆਂ ਤੇ ਮਾਲਕਾਂ ਦੇ ਵਿਚਕਾਰ ਜਦੋ-ਜਹਿਦ ਦੇ ਦੌਰਾਨ ਇਹ ਸਭ ਹੱਦਬੰਦੀਆਂ ਤੇ ਵਖੇਵੇਂ ਟੁਟ ਗਏ ਅਤੇ ਸੰਨ 287 (B.C.) ਤਕ ਦੋਹਾਂ ਜਮਾਤਾਂ ਨੂੰ ਬਰਾਬਰ ਦੇ ਰਾਜਸੀ ਅਤੇ ਭਾਈਚਾਰਕ ਹੱਕ ਪ੍ਰਾਪਤ ਹੋ ਗਏ।[11]

ਹਿੰਦ ਦੇ ਆਰੀਆ ਲੋਕ ਸਭ ਤੋਂ ਨੇੜੇ ਉਨ੍ਹਾਂ ਆਰੀਆ ਲੋਕਾਂ ਦੇ ਹਨ ਜੋ ਈਰਾਨ ਵਿਚ ਜਾ ਵੱਸੇ। ਈਰਾਨ ਵਿਚ ਪੁਜਾਰੀ (priest) ਦਾ ਕਿੱਤਾ ਸਭ ਤੋਂ ਉਤਮ ਸਮਝਿਆ ਜਾਂਦਾ ਸੀ ਅਤੇ ਕਾਰੀਗਰ (artisan) ਦਾ ਸਭ ਤੋਂ ਘਟੀਆ।[12] ਇਕ ਜਮਾਤ ਦੇ ਕਿੱਤੇ ਤੋਂ ਦੂਸਰੀ ਦੇ ਨੂੰ ਬਦਲਣ ਦੀ ਸਿਰਫ਼ ਉਨ੍ਹਾਂ ਨੂੰ ਖੁਲ੍ਹ ਦਿਤੀ ਜਾਂਦੀ ਸੀ ਜੋ ਨਵੇਂ ਅਪਣਾਉਣ ਯੋਗ ਹੁਨਰ ਵਿਚ ਖ਼ਾਸ ਮੁਹਾਰਤ ਵਿਖਾਉਣ।[13] ਪੁਜਾਰੀ ਆਪਣੀ ਜਮਾਤ ਤੋਂ ਨੀਵੀਆਂ ਦੀਆਂ ਲੜਕੀਆਂ ਨਾਲ ਸ਼ਾਦੀ ਕਰ ਸਕਦੇ ਸਨ ਪਰ ਆਪਣੀਆਂ ਲੜਕੀਆਂ ਨੂੰ ਨੀਵੀਆਂ ਜਾਤੀਆਂ ਵਿਚ ਸ਼ਾਦੀ ਨਹੀਂ ਸੀ ਕਰਨ ਦੇਂਦੇ।[14] ਇਨ੍ਹਾਂ ਗੱਲਾਂ ਦੇ ਬਾਵਜੂਦ ਈਰਾਨ ਦੇ ਇਤਿਹਾਸ ਵਿਚ ਜਾਤ-ਪਾਤੀ ਪ੍ਰਬੰਧ ਦਾ ਸਬੂਤ ਨਹੀਂ ਮਿਲਦਾ।[15]

ਸਾਡੇ ਇਕ ਹੋਰ ਗੁਆਂਢੀ ਦੇਸ ਚੀਨ ਵਿਚ (ਜਿਸ ਦੀ ਸਭਿਅਤਾ ਸਾਡੀ ਨਾਲੋਂ ਵੀ ਪੁਰਾਣੀ ਹੈ) ਵੀ ਜਾਤ-ਪਾਤ ਵਰਗੇ ਭਿੰਨ-ਭੇਦਾਂ ਦੇ ਨਿਸ਼ਾਨ ਮਿਲਦੇ ਹਨ। ਹਜਾਮਤ ਕਰਨ ਵਾਲਿਆਂ ਅਤੇ ਉਨ੍ਹਾਂ ਦੀ ਔਲਾਦ ਨੂੰ ਪਾਰੀਆ (ਸਾਡੀ ਇਕ ਅਛੂਤ ਜਾਤ) ਵਾਂਗੂੰ ਸਮਝਿਆ ਜਾਂਦਾ ਸੀ ਅਤੇ ਉਹ ਸਰਕਾਰੀ ਨੌਕਰੀਆਂ ਦੀ ਚੋਣ ਵਿਚੋਂ ਖਾਰਜ ਕੀਤੇ ਹੋਏ ਸਨ। ਨਾਚੇ, ਨਾਚੀਆਂ, ਪੁਲਸੀਏ ਤੇ ਬੇੜੀਆਂ ਦੇ ਮਲਾਹ ਨੀਵੇਂ ਸਮਝੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਆਪਣੀ ਜਮਾਤ ਵਿਚ ਹੀ ਵਿਆਹ ਕਰਨਾ ਪੈਂਦਾ ਸੀ। ਕੋਈ ਵੀ ਗੁਲਾਮ ਆਜ਼ਾਦ ਇਸਤਰੀ ਨਾਲ ਸ਼ਾਦੀ ਨਹੀਂ ਸੀ ਕਰ ਸਕਦਾ।[16] ਇਸ ਦੇ ਬਾਵਜੂਦ 'ਚੀਨ ਦੀ ਸੁਸਾਇਟੀ ਵਿਚ ਪੱਕੇ ਪੁਖ਼ਤਾ ਜਮਾਤੀ ਵਿਤਕਰੇ ਘੱਟ ਤੋਂ ਘੱਟ ਰਹੇ ਹਨ',[17] ਅਤੇ ''ਈਸਾ ਤੋਂ ਪਹਿਲੋਂ ਦੀਆਂ ਤੀਸਰੀ ਤੇ ਚੌਥੀ ਸਦੀਆਂ ਤੋਂ ਲੈ ਕੇ ਇਸ ਵਿਚਾਰ ਨੇ ਡੂੰਘੀਆਂ ਜੜ੍ਹਾਂ ਫੜ ਲਈਆਂ ਸਨ ਕਿ ਭਾਈਚਾਰਕ ਰੁਤਬਾ ਵਿਅੱਕਤੀਗਤ ਕਾਬਲੀਅਤ ਉਤੇ ਨਿਰਭਰ ਹੋਣਾ ਚਾਹੀਦਾ ਹੈ।'[18]

ਦੂਸਰਾ ਨੁਕਤਾ, ਜਿਸ ਬੰਨੇ ਧਿਆਨ ਦਿਵਾਉਣ ਦੀ ਲੋੜ ਹੈ, ਇਹ ਹੈ ਕਿ ਹੋਰ ਮੁਲਕਾਂ ਵਿਚ ਜਾਤ-ਪਾਤ ਨਾਲ ਮੇਲ ਖਾਂਦੇ ਵਿਤਕਰੇ ਪਿਘਲ ਕੇ ਜਮਾਤੀ ਵਿਤਕਰਿਆਂ ਵਿਚ ਬਦਲਦੇ ਗਏ। ਪਰ ਕੇਵਲ ਹਿੰਦ ਵਿਚ ਅਜੇਹੇ ਵਿਤਕਰਿਆਂ ਦੀਆਂ ਗੰਢਾਂ ਸਗੋਂ ਦਿਨ ਬਦਿਨ ਉਦੋਂ ਤਕ ਪੀਡੀਆਂ ਹੁੰਦੀਆਂ ਗਈਆਂ ਜਦੋਂ ਤਕ ਯੂਰਪੀਨ ਸਭਿਅਤਾ ਦੇ ਪ੍ਰਭਾਵ ਏਥੇ ਪ੍ਰਬਲ ਹੋਣੇ ਸ਼ੁਰੂ ਨਹੀਂ ਹੋਏ।



ਬਲਕਿ ਨਿਰੋਲ ਜਮਾਤੀ ਵਿਤਕਰੇ ਵੀ ਜਾਤ-ਪਾਤੀ ਵਿਤਕਰਿਆਂ ਦੀ ਸ਼ਕਲ ਫੜਦੇ ਗਏ।

ਵੇਦਾਂ ਵਿਚ ਜਾਤ-ਪਾਤ ਦਾ ਜ਼ਿਕਰ ਨਹੀਂ।[19] ਮੰਨੂ (iii, 13; ii, 210) ਮੁਤਾਬਕ ਵੀ ਬ੍ਰਾਹਮਣ ਕਸ਼ੱਤਰੀਆਂ ਸਮੇਤ ਸਭ ਆਰੀਆ ਲੋਕ ਸੂਦਰ ਇਸਤਰੀਆਂ ਰਖ ਸਕਦੇ ਸਨ। ਜੇ ਬ੍ਰਾਹਮਣ ਦੇ ਘਰ ਸੂਦਰ ਇਸਤ੍ਰੀ ਦੀ ਕੁਖੋਂ ਪੈਦਾ ਹੋਈਆਂ ਲੜਕੀਆਂ ਪੀੜ੍ਹੀਆਂ-ਦਰ-ਪੀੜ੍ਹੀਆਂ ਬ੍ਰਾਹਮਣਾਂ ਨਾਲ ਵਿਆਹ ਕਰੀ ਜਾਣ ਤਾਂ ਸਤਵੀਂ ਪੀੜ੍ਹੀ ਵਿਚ ਉਨ੍ਹਾਂ ਦੀ ਔਲਾਦ ਬ੍ਰਾਹਮਣ ਸਮਝੀ ਜਾਂਦੀ (x.64)। ਮਹਾਂਭਾਰਤ ਪੜ੍ਹਨ ਤੋਂ ਵੀ ਇਸੇ ਸਿੱਟੇ ਉਤੇ ਪੁਜੀਦਾ ਹੈ। ਕਸ਼ੱਤਰੀਆਂ ਬ੍ਰਾਹਮਣਾਂ ਦੀਆਂ ਨੀਵੀਆਂ ਤੋਂ ਨੀਵੀਆਂ ਜਾਤੀਆਂ ਦੀਆਂ ਇਸਤਰੀਆਂ ਨਾਲ ਸ਼ਾਦੀਆਂ ਕਰਨ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ।[20] ਇਸ ਦੇ ਪਿਛੋਂ ਦੇ ਜ਼ਮਾਨੇ (Chandogya up., iv, 4.1) ਵਿਚ ਸਭ ਤੋਂ ਵੱਧ ਪਰਹੇਜ਼ਗਾਰ ਬ੍ਰਾਹਮਣ ਜਾਤੀ ਆਪਣੇ ਖ਼ੂਨ ਨੂੰ ਨਿਰੋਲ ਕਾਇਮ ਰਖਣ ਦੇ ਹਿੱਤ ਦੀ ਬਹੁਤੀ ਪਾਬੰਦ ਨਹੀਂ ਜਾਪਦੀ'।[21] ਪਰ ਜਿਵੇਂ ਜਿਵੇਂ ਜ਼ਮਾਨਾ ਬੀਤਦਾ ਗਿਆ, 'ਜਾਤੀਆਂ ਇਕ ਦੂਜੇ ਵਿਚਕਾਰ ਰੋਟੀ ਬੇਟੀ ਦੀ ਸਾਂਝ ਕਰਨੋਂ ਸੰਕੋਚ ਕਰਨ ਲਗੀਆਂ। ਬਲਕਿ ਹਰ ਇਕ ਜਾਤੀ ਆਪਣਾ ਕਿੱਤਾ ਵੀ ਨਿਖੇੜਨ ਲਗੀ।'[22]

ਬੁੱਧ-ਮੱਤ ਦਾ ਪ੍ਰਭਾਵ ਕਮਜ਼ੋਰ ਹੋਣ ਪਿਛੋਂ ਬ੍ਰਾਹਮਣ-ਮੱਤ ਦੇ ਨਵਿਉਂ ਸਿਰਿਉਂ ਅਸਵਾਰ ਹੋਣ ਨਾਲ ਰੋਟੀ ਬੇਟੀ ਦੀ ਸਾਂਝ ਸੰਬੰਧੀ ਰੋਕ-ਥੰਦੀਆਂ ਹੋਰ ਵੀ ਸਖ਼ਤ ਹੋ ਗਈਆਂ। ਬਲਕਿ ਛੂਤ-ਛਾਤ ਵਰਗੀਆਂ ਕਈ ਹੋਰ ਨਵੀਆਂ ਰੋਕਾਂ ਚਾਲੂ ਹੋ ਗਈਆਂ। ਇਸ ਸਾਰੀ ਚਾਲ-ਢਾਲ (development) ਦਾ ਸਮੁਚਾ ਸਿੱਟਾ ਇਹ ਨਿਕਲਿਆ ਕਿ ਹਿੰਦੀ ਜਾਤ-ਪਾਤੀ ਸੁਸਾਇਟੀ ਦੁਨੀਆਂ ਭਰ ਦੇ ਸਭ ਭਾਈਚਾਰਿਆਂ ਨਾਲੋਂ ਵਧ ਵਿਤਕਰਿਆਂ ਤੇ ਹੱਦ-ਬੰਦੀਆਂ ਵਾਲੀ ਸੁਸਾਇਟੀ ਬਣ ਨਿਕਲੀ।

ਹੋਰਨਾਂ ਮੁਲਕਾਂ ਵਿਚ ਭਾਈਚਾਰਕ ਵਿਤਕਰਿਆਂ ਨੇ ਅੰਤਮ ਸ਼ਕਲ ਜਮਾਤੀ ਵਿਤਕਰਿਆਂ ਦੀ ਫੜੀ। ਕੇਵਲ ਹਿੰਦ ਵਿਚ ਭਾਈਚਾਰਕ ਵਿਤਕਰੇ, ਬਲਕਿ ਜਮਾਤੀ ਵਿਤਕਰੇ ਵੀ, ਜਾਤ-ਪਾਤੀ ਪ੍ਰਬੰਧ ਵਿਚ ਢਲ ਗਏ। ਕਿਉਂ ?

---

1. Senart. E: Caste in India, p. 114 2. cited by W.H. Sykes : J.R.A.S., vol. vi, No. xii, p. 410 3. Hutton, J.H. : Caste in India, p. 140 4. Ibid, p. 142. 5. Ibid, p. 143 6. Ibid. p. 147 7. Ibid. p. 144 8. cited by Hutton, p. 141 9. Hutton, p. 143 10. Ibid, p. 147 11. League, R. W. : Roman Private Law, p. 14 12. Dhalla, M.N. : Zorastrian Civilization, p 295 13. Ibid, p. 296 14. Ibid, p. 78 15. Senart, p. 114 16. Douglas, R.K. : Society in China, pp. 120-146 17. Latourette, K.S. : Their Society and Culture. pp. 204-6 18. Ping-Ti-Ho : The Ladder of Success in China, p. 7 19. Senart, p. xiv 20 Hopkins cited by Senart, p. 99 21. Barth, A.I.A., vol. 3 (1874). (22) Senart, p. 11

*

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

> Every revolution is preceded by
> an intense intellectual
> activity. —Gramsci

ਭਗਵਾਨ ਸਿੰਘ ਜੋਸ਼

## ਕਿਸਾਨੀ ਅਤੇ ਖੱਬੇ-ਪੱਖੀ ਲਹਿਰ

ਉਨ੍ਹਵੀਂ ਸਦੀ ਦੇ ਦੂਸਰੇ ਅੱਧ ਵਿਚ ਬੜੇ ਵੱਡੇ ਪੈਮਾਨੇ 'ਤੇ ਕਿਸਾਨਾਂ (ਜੱਟਾਂ) ਵਲੋਂ ਜ਼ਮੀਨਾਂ ਕਰਜ਼ੇ ਦੇ ਭਾਰ ਹੇਠ ਜਾਂ ਤਾਂ ਸ਼ਾਹੂਕਾਰਾਂ ਨੂੰ ਵੇਚੀਆਂ ਜਾ ਰਹੀਆਂ ਸਨ ਅਤੇ ਜਾਂ ਗਹਿਣੇ ਪਾਈਆਂ ਜਾ ਰਹੀਆਂ ਸਨ। ਇਨ੍ਹਾਂ ਸ਼ਾਹੂਕਾਰਾ ਵਿਚੋਂ ਵਧੇਰੇ ਸ਼ਾਹੂਕਾਰ ਹਿੰਦੂ ਸਨ। ਅਜਿਹੀ ਸਮਾਜੀ ਪਰਕਿਰਿਆ ਕਾਰਨ ਅੰਗਰੇਜ਼ਾਂ ਦੇ ਫੌਜੀ-ਭਰਤੀ ਦੇ ਅੱਡੇ ਵਿਚ ਸੰਕਟ ਵਾਲੀ ਸਥਿੱਤੀ ਪੈਦਾ ਹੋ ਸਕਦੀ ਸੀ: ਵਿਗੜਦੀਆਂ ਆਰਥਕ ਹਾਲਤਾਂ ਕਿਸਾਨਾਂ ਵਿਚ ਬਦਅਮਨੀ ਫੈਲਾ ਤੇ ਉਹਨਾਂ ਦਾ ਰੋਹ ਜਗਾ ਸਕਦੀਆਂ ਸਨ। ਇਸ ਸਭ ਕਾਸੇ ਨਾਲ ਕਿਸਾਨੀ ਵਿਚ ਸਰਕਾਰ-ਵਿਰੋਧੀ ਵਿਚਾਰ ਫੈਲਣ ਦਾ ਰਾਹ ਪੱਧਰਾ ਹੋ ਸਕਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਣੀਆਂ ਸਨ, ਜਿਨ੍ਹਾਂ ਨੂੰ ਸਾਮਰਾਜ-ਵਿਰੋਧੀ ਸਿਆਸੀ ਗਰੁੱਪਾਂ ਵਲੋਂ ਸਾਮਰਾਜ-ਵਿਰੋਧੀ ਜਨਤਕ ਜਥੇਬੰਦੀਆਂ ਵਿਚ ਪਰੋਤੇ ਜਾਣ ਤੇ ਖੜੇ ਕਰਨ ਦਾ ਖ਼ਤਰਾ ਪੈਦਾ ਹੋ ਜਾਣਾ ਸੀ। ਇਸ ਡਰ ਦੇ ਇਤਿਹਾਸਕ ਕਾਰਨ ਸਨ। 1907 ਦੀ 'ਪਗੜੀ ਸੰਭਾਲ ਜੱਟਾ' ਵੇਲੇ ਦੀ ਕਿਸਾਨੀ ਲਹਿਰ ਦੇ ਆਗੂਆਂ ਨੇ ਜਦ ਫ਼ੌਜ ਨੂੰ ਆਪਣੇ ਦੀਵਾਨਾਂ ਵਿਚ ਸ਼ਾਮਿਲ ਹੋਣ ਦਾ ਸੱਦਾ ਦਿਤਾ ਤਾਂ ਫ਼ੀਰੋਜ਼ਪੁਰ ਛਾਉਣੀ ਦੀਆਂ ਕਈ ਫ਼ੌਜੀ ਪਲਟਨਾਂ ਦੀਵਾਨਾਂ ਵਿਚ ਕਿਸਾਨ ਲਹਿਰ ਦੇ ਆਗੂਆਂ ਦੇ ਵਿਚਾਰ ਸੁਣਨ ਲਈ ਸ਼ਾਮਿਲ ਹੋ ਗਈਆਂ ਸਨ। ਸੋ ਉਠ ਰਹੀ ਕਿਸਾਨੀ ਲਹਿਰ ਅਤੇ ਕਿਸਾਨਾਂ ਦੇ ਫ਼ੌਜ ਵਿਚ ਭਰਤੀ ਹੋਏ ਪੁੱਤ ਕਿਸੇ ਸੰਕਟ ਸਮੇਂ ਇੰਜ ਸਰਕਾਰ ਵਿਰੁਧ ਇਕੱਠੇ ਹੋ ਸਕਦੇ ਸਨ ਤੇ ਸਾਮਰਾਜ ਨੂੰ ਵਖਤ ਪਾ ਸਕਦੇ ਸਨ। ਇਥੇ ਯਾਦ ਰੱਖਣ ਵਾਲੀ ਗੱਲ ਇਹ ਕਿ ਸਰਕਾਰ ਨੂੰ ਇਸ ਲਹਿਰ ਦੇ ਦਬਾਅ ਅੱਗੇ ਝੁਕ ਕੇ ਆਪਣੇ ਬਿੱਲ (ਜਿਨ੍ਹਾਂ ਵਿਰੁਧ ਕਿਸਾਨੀ ਦੀ ਲਹਿਰ ਉਠੀ ਸੀ) ਵਾਪਿਸ ਲੈਣੇ ਪਏ ਸਨ।

ਇਸ ਤੋਂ ਪਹਿਲਾਂ ਕਿ ਖ਼ਾਸ ਹਾਲਤਾਂ ਹੇਠ ਇਹ 'ਹੱਲ ਅਤੇ ਬੰਦੂਕ ਦਾ ਮਿਲਾਪ' ਹੋ ਸਕੇ,



ਅੰਗਰੇਜ ਇਸ ਗੱਲ ਬਾਰੇ ਬਹੁਤ ਗੰਭੀਰ ਸਨ ਕਿ ਅਜਿਹੇ ਹਾਲਾਤ ਹੀ ਪੈਦਾ ਨਾ ਹੋਣ ਦਿਤੇ ਜਾਣ। ਇੰਜ ਭੂਤ ਤੋਂ ਸਿਖਦੇ ਹੋਏ ਤੇ ਭਵਿਖ ਵਿਚ ਇਸ ਖ਼ਤਰੇ ਨੂੰ ਭਾਂਪਦੇ ਹੋਏ ਅੰਗਰੇਜ਼ਾਂ ਨੇ 'ਜ਼ਮੀਨ ਬੈ ਕਰਨ ਦਾ ਕਾਨੂੰਨ' (Land Alienation Act of 1900) ਬਣਾਇਆ ਜਿਸ ਅਨੁਸਾਰ ਹਿੰਦੂ ਸ਼ਾਹੂਕਾਰ ਜੱਟ ਕਿਸਾਨਾਂ ਦੀਆਂ ਜ਼ਮੀਨਾਂ ਨਹੀਂ ਸਨ ਲੈ ਸਕਦੇ ਤੇ ਇਸ ਕਾਨੂੰਨ ਨੂੰ ਕੇਵਲ ਗ਼ੈਰ-ਖੇਤੀਬਾੜੀ ਸ਼ਾਹੂਕਾਰਾਂ ਤਕ ਸੀਮਤ ਰਖ ਕੇ ਤਕੜੇ ਕਿਸਾਨਾਂ ਤੇ ਰਜਵਾੜਿਆਂ ਨੂੰ ਗ਼ਰੀਬ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਦੀ ਖੁਲ੍ਹੀ ਛੁਟੀ ਦੇ ਦਿਤੀ। ਇੰਜ ਬਦੇਸ਼ੀ ਸਰਕਾਰ ਨੇ ਛੋਟੇ ਕਿਸਾਨਾਂ ਦੀ ਲੁੱਟ ਕਰਨ ਵਾਲੇ ਸ਼ਾਹੂਕਾਰਾਂ ਦੇ ਇਕ ਭਾਗ ਨੂੰ (ਜਿਸ ਦੀ ਫ਼ੌਜੀ ਪੱਖ ਤੋਂ ਕੋਈ ਮਹੱਤਤਾ ਨਹੀਂ ਸੀ) ਹਟਾ ਕੇ, ਹੁਣ ਉਨ੍ਹਾਂ ਨੂੰ 'ਆਪਣੇ ਹੀ ਜੱਟ ਭਰਾਵਾਂ' (ਭਾਵ ਪੇਂਡੂ ਇਲਾਕਿਆਂ ਵਿਚ ਪਹਿਲਾਂ ਹੀ ਆਰਥਕ ਤੇ ਸਮਾਜਕ ਤੌਰ 'ਤੇ ਤਕੜੀਆਂ ਕਿਸਾਨੀ ਦੀਆਂ ਤੈਹਾਂ) ਦੇ ਰਹਿਮ 'ਤੇ ਛੱਡ ਦਿਤਾ। ਇਸ ਆਰਥਕ ਮਦਦ ਦੇ ਬਦਲੇ ਵਿਚ ਇਨ੍ਹਾਂ ਉਪਰਲੀਆਂ ਕਿਸਾਨੀ ਤੈਹਾਂ ਤੇ ਰਜਵਾੜਿਆਂ ਨੇ ਅੰਗਰੇਜ਼ ਸਰਕਾਰ ਨੂੰ 'ਜੱਟਾਂ ਦਾ ਭਲਾ ਕਰਨ ਵਾਲੀ ਸਰਕਾਰ' ਕਹਿ ਕੇ ਉਸ ਦੀ ਪਰਸੰਸਾ ਦੇ ਪੁੱਲ ਬੰਨ੍ਹ ਦਿਤੇ। ਕਿਸਾਨੀ, ਜੋ ਪਹਿਲਾਂ ਹੀ ਇਨ੍ਹਾਂ ਹਿੰਦੂ ਸ਼ਾਹੂਕਾਰਾਂ ਦੀ ਲੁੱਟ ਦਾ ਸ਼ਿਕਾਰ ਰਹੀ ਸੀ, ਅੱਗੇ ਇਹ ਪਰਪੰਚ ਖੜਾ ਕੀਤਾ ਕਿ ਸਰਕਾਰ ਜੇਕਰ ਅਜਿਹਾ ਨਾ ਕਰਦੀ ਤਾਂ ਇਕ ਦਿਨ ਸਾਰੇ 'ਜੱਟ ਭਰਾਵਾਂ ਦੀਆਂ ਜ਼ਮੀਨਾਂ (ਕੀ ਤਕੜੇ ਕੀ ਮਾੜੇ) ਇਨ੍ਹਾਂ ਸ਼ਾਹੂਕਾਰਾਂ ਨੇ ਖ਼ਰੀਦ ਲੈਣੀਆਂ ਸਨ। ਜਦ ਉਨ੍ਹਾਂ ਦੇ ਆਰਥਕ ਹਿੱਤਾਂ 'ਤੇ ਸੱਟ ਵੱਜੀ ਤਾਂ ਇਨ੍ਹਾਂ ਹਿੰਦੂ ਸ਼ਾਹੂਕਾਰਾਂ ਨੇ ਵੀ ਬਹੁਤ ਰੌਲਾ ਪਾਇਆ ਕਿ ਕਾਨੂੰਨ ਪਾਸ ਨਾ ਹੋਵੇ ਕਿਉਂਕਿ ਇੰਜ ਕਿਸਾਨ ਨੂੰ ਇਕੱਲਾ ਜ਼ਿਮੀਂਦਾਰ ਸ਼ਾਹੂਕਾਰ (Agriculturist moneylender) ਹੀ ਲੁੱਟੇਗਾ ਜਿਸ ਦਾ ਵਿਹਾਰ ਕਿਸਾਨਾਂ ਨਾਲ ਸ਼ਾਹੂਕਾਰ ਤੋਂ ਵੀ ਭੈੜਾ ਹੈ (ਹਿੰਦੂ ਸ਼ਾਹੂਕਾਰ ਤਾਂ ਜੱਟਾਂ ਦੀ ਪੱਤ ਰੱਖਦਾ ਹੈ, ਵੇਲਾ ਕੁਵੇਲਾ ਵੇਖਦਾ ਹੈ, ਰਿਸ਼ਤੇਦਾਰੀਆਂ ਦੇ ਮਾਮਲਿਆਂ ਨੂੰ ਤਰਜੀਹ ਦਿੰਦਾ ਹੈ ਤੇ ਇਕ ਵੇਲੇ ਜੱਟ ਦੀ ਘੁਰਕੀ ਤੋਂ ਤ੍ਰਬਕਦਾ ਵੀ ਹੈ, ਪਰ ਜੱਟ ਸ਼ਾਹੂਕਾਰ ਦੀ ਜਕੜ ਖ਼ਤਰੀ ਸ਼ਾਹੂਕਾਰ ਤੋਂ ਵੀ ਭੈੜੀ ਹੋਵੇਗੀ, ਛੋਟੇ ਕਿਸਾਨਾਂ ਨੂੰ ਰਿਸ਼ਤੇਦਾਰੀਆਂ ਵਿਚ ਖੱਜਲ ਕਰੇਗਾ, ਧੌਣ 'ਤੇ ਲੱਤ ਰੱਖ ਕੇ ਆਕੜ ਨਾਲ 'ਤੇਰ੍ਹਵੇਂ' ਮਹੀਨੇ ਪੈਸੇ ਵਾਪਿਸ ਮੰਗੇਗਾ ਤੇ ਨਾਲੇ ਜ਼ਮੀਨ ਖੋਹ ਕੇ ਆਪਣੀ ਵਾਹੀ ਥੱਲੇ ਲੈ ਆਵੇਗਾ। ਜਦੋਂ ਕਿ ਖ਼ਤਰੀ ਸ਼ਾਹੂਕਾਰ ਨਾਲ ਵਿਹਾਰ ਨਾਲ ਜ਼ਮੀਨ ਤਾਂ ਜੱਟ ਵਾਹੁੰਦਾ ਰਹਿੰਦਾ ਹੈ ਭਾਵੇਂ ਵਿਕਣ ਬਾਅਦ ਹੁਣ ਉਹ ਮੁਜ਼ਾਰਾ ਹੀ ਹੁੰਦਾ ਹੈ। ਸ਼ਾਹ ਬਿਨਾਂ ਪੱਤ ਨਹੀਂ !)

ਤਕੜੇ ਕਿਸਾਨਾਂ ਤੇ ਰਜਵਾੜਿਆਂ ਨੇ ਆਪਣੇ ਨਾਲ ਮੁਕਾਬਲੇ ਵਿਚ ਫਸੇ ਅਤੇ ਸਰਕਾਰ ਵਲੋਂ ਹਰਾਏ ਜਾਂਦੇ ਇਨ੍ਹਾਂ ਸ਼ਾਹੂਕਾਰਾਂ ਦੀ ਅਜਿਹੀ ਨੁਕਤਾਚੀਨੀ ਦਾ ਜਵਾਬ ਬੜਾ ਡੱਟ ਕੇ ਦਿਤਾ। "ਸਾਨੂੰ ਜੱਟਾਂ ਨੂੰ ਤੁਸੀਂ ਕਰਾੜ (ਮਹਾਜਨ) ਹੁਣ ਤਕ ਬਥੇਰਾ ਲੁੱਟਦੇ ਆਏ ਹੋ। ਜਦ ਸਰਕਾਰ ਜੱਟਾਂ ਦੇ ਭਲੇ ਦਾ ਕੋਈ ਕਾਨੂੰਨ ਬਣਾਉਂਦੀ ਹੈ ਤਾਂ ਤੁਸੀਂ ਸੰਘ ਪਾੜ ਕੇ ਉਸ ਦਾ ਵਿਰੋਧ ਕਰਦੇ ਹੋ। ਤੁਸੀਂ ਸਾਨੂੰ ਜੱਟ ਭਰਾਵਾਂ ਨੂੰ ਤਕੜੇ ਮਾੜੇ ਕਹਿ ਕੇ ਪਾੜਨਾ ਚਾਹੁੰਦੇ ਹਨ ਤਾਕਿ ਸਾਡੀ ਏਕਤਾ ਕਮਜ਼ੋਰ ਹੋ ਜਾਏ। ਸਾਡੇ ਹੁੰਦਿਆਂ ਸੁੰਦਿਆਂ ਪਿੰਡਾਂ ਦੀ ਸ਼ਹਿਰਾਂ ਦੁਆਰਾ ਹੋ ਰਹੀ ਇਹ ਲੁੱਟ ਨਹੀਂ ਚਲੇਗੀ।" ਇੰਜ 'ਪੇਂਡੂ ਹਿੱਤ' ਅਤੇ 'ਸ਼ਹਿਰੀ ਹਿੱਤ' ਦੇ ਆਪਸੀ-ਵਿਰੋਧ ਦਾ ਸੰਕਲਪ ਪੇਸ਼ ਕੀਤਾ ਗਿਆ। ਇਸ ਵਿਚਾਰਧਾਰਾ ਅਨੁਸਾਰ ਪਿੰਡਾਂ ਵਿਚਲੇ ਗ਼ਰੀਬਾਂ ਤੇ ਅਮੀਰਾਂ ਦਾ ਅਤੇ ਸ਼ਹਿਰਾਂ ਵਿਚਲੇ ਗ਼ਰੀਬਾਂ ਤੇ ਅਮੀਰਾਂ ਦਾ ਆਪਣੀ ਆਪਣੀ ਥਾਂ ਕੋਈ ਆਪਾ-ਵਿਰੋਧ ਨਹੀਂ, ਬਸ ਸਮਾਜ ਵਿਚ ਜੇਕਰ ਕੋਈ ਅਸਲ ਵਿਰੋਧਤਾਈ ਹੈ ਤਾਂ ਇਹ 'ਪੇਂਡੂ ਹਿੱਤਾਂ' ਤੇ 'ਸ਼ਹਿਰੀ ਹਿੱਤਾਂ' ਵਿਚਕਾਰ ਹੈ, ਬਾਕੀ

ਵਿਰੋਧਤਾਈਆਂ ਜਾਂ ਤਾਂ ਕਾਲਪਨਿਕ ਹਨ ਤੇ ਜਾਂ ਇਸ 'ਮੁੱਖ ਵਿਰੋਧਤਾਈ' ਦੇ ਮੁਕਾਬਲੇ ਉੱਕਾ ਹੀ ਨਿਗੂਣੀਆਂ !

ਇਥੇ ਇਹ ਦਸਣਾ ਦਿਲਚਸਪ ਹੋਵੇਗਾ ਕਿ ਜਨਤਾ ਪਾਰਟੀ ਵਿਚ ਚਰਨ ਸਿੰਘ ਤੇ ਉਸ ਦੇ ਨਜ਼ਦੀਕੀਆਂ ਵਲੋਂ ਪਰਚਾਰੀ ਜਾਂਦੀ ਇਹ ਵਿਚਾਰਧਾਰਾ ਕੋਈ ਨਵੀਂ ਨਹੀਂ, ਸਗੋਂ ਇਸ ਦਾ ਮੁੱਢ ਯੂਨੀਨਿਸਟ ਪਾਰਟੀ ਦੇ ਵਿਚਾਰਧਾਰਕ ਲੀਡਰਾਂ, ਸਰ ਛੋਟੂ ਰਾਮ, ਫ਼ਜ਼ਲ ਹੁਸੈਨ ਫ਼ਜ਼ਲੀ ਅਤੇ ਸਿਕੰਦਰ ਹਯਾਤ ਖ਼ਾਨ ਵਲੋਂ ਬੰਨ੍ਹਿਆ ਗਿਆ ਸੀ । ਯੂਨੀਨਿਸਟ ਪਾਰਟੀ ਦਾ ਪਰਚਾਰ ਵੀ ਇਹੀ ਸੀ : "ਜੱਟ ਸਾਰੇ ਭਰਾ ਭਰਾ ਹਨ । ਤਕੜੇ ਮਾੜੇ ਦਾ ਕੋਈ ਸਵਾਲ ਨਹੀਂ । ਇਕੋ ਜੱਟ ਦਾ ਇਕ ਪੁੱਤ ਆਪਣੀ ਕਿਸਮਤ ਤੇ ਕਮਾਈ ਕਾਰਨ ਰੱਜ ਕੇ ਖਾਂਦਾ ਹੈ, ਦੂਸਰਾ ਭੁੱਖਾ ਮਰਦਾ ਹੈ । ਬਾਹਰ-ਲਿਆਂ ਨੂੰ ਸਾਡੇ ਜੱਟਾਂ ਦਾ ਕੀ ਪਤਾ, ਬਸ ਉਹ ਤਾਂ ਸਾਡੇ ਵਿਚ ਫੁੱਟ ਪਾਉਣਾ ਚਾਹੁੰਦੇ ਹਨ ਤਾਕਿ ਸਾਨੂੰ ਮੁੜ ਅੱਡ ਅੱਡ ਕਰ ਕੇ ਲੁੱਟ ਸੱਕਣ । ਇਨ੍ਹਾਂ ਨੂੰ ਕੀ ਪਤਾ 'ਜੱਟ ਜੱਟਾਂ ਦੇ ਸਾਲੇ, ਕਰਦੇ ਘਾਲੇ ਮਾਲੇ ।' ਇੰਜ ਯੂਨੀਨਿਸਟ ਪਾਰਟੀ ਵਿਚ ਜਥੇਬੰਦ ਜਗੀਰਦਾਰਾਂ ਤੇ ਧਨੀ ਕਿਸਾਨਾਂ ਨੇ 'ਜੱਟ ਭਾਈਚਾਰੇ ਦੀ ਵਿਚਾਰਧਾਰਾ' ਨਾਲ ਅੰਦਰੂਨੀ ਵਿਰੋਧ ਅੱਖੋਂ ਪਰੋਖੇ ਕਰਕੇ ਲੁਟੀ ਜਾਂਦੀ ਕਿਸਾਨੀ ਦਾ ਦੁੱਖ ਤੇ ਰੋਹ ਸਦੀਆਂ ਤੋਂ ਲੁਟਦੇ ਆ ਰਹੇ ਸ਼ਾਹੂਕਾਰ (ਕਰਾੜ, ਬਾਣੀਆ, ਮਹਾਜਨ ਆਦਿ) ਵਲ ਸੇਧ ਦਿੱਤਾ ਤੇ ਆਪ ਕਿਸਾਨੀ ਦੇ ਆਗੂ ਬਣਨ ਵਿਚ ਕਾਮਯਾਬ ਹੋ ਗਏ ।

ਪਾਠਕ ਇਸ ਵਿਚਾਰਧਾਰਾ ਦੇ ਅੱਜ ਵੀ ਭਾਰੂ ਹੋਣ ਨੂੰ ਆਪਣੇ ਆਲੇ ਦੁਆਲੇ ਵਿਚ ਚੰਗੀ ਤਰ੍ਹਾਂ ਸਮਝ ਸਕਦੇ ਹਨ । ਪਰ ਇਹ ਵਿਚਾਰਧਾਰਾ ਬਿਲਕੁਲ ਝੂਠੀ ਨਹੀਂ ਤੇ ਨਾ ਹੀ ਲੋਕਾਂ ਦੇ ਮਨਾਂ ਵਿਚ ਭਾਰੂ ਵਿਚਾਰਧਾਰਾ ਉੱਕਾ ਝੂਠੀ ਤੇ ਕਾਲਪਨਿਕ (Illusion) ਹੁੰਦੀ ਹੈ, ਪਰ ਇਸ ਦੀ ਗਲਤ ਵਰਤੋਂ ਲਈ ਇਸ ਨੂੰ ਸਦਾ ਇਸ ਦੇ ਸੀਮਤ ਸੱਚ ਤੋਂ ਨਿਖੇੜ ਕੇ ਇਕ ਪੂਰੇ ਦੇ ਪੂਰੇ ਸਿਸਟਮ ਵਲੋਂ ਤੇ ਇਕੋ ਇਕ ਸੱਚ ਵਲੋਂ ਦ੍ਰਿੜਾਇਆ ਜਾਂਦਾ ਹੈ । ਇਥੇ ਅਸੀਂ ਕਿਸੇ ਵਿਚਾਰਧਾਰਾ ਦੇ ਇਤਿਹਾਸਕ ਸਮਾਜੀ ਆਧਾਰ ਤੇ ਫੇਰ ਖ਼ਾਸ ਹਿੱਤਾਂ ਲਈ ਇਸ ਦੀ ਵਰਤੋਂ ਦੇ ਸਬੰਧ ਵਿਚ ਜੋ ਮਹੱਤਵਪੂਰਨ ਸਵਾਲ ਉੱਠਦੇ ਹਨ, ਉਨ੍ਹਾਂ ਵਿਚ ਨਹੀਂ ਜਾ ਸਕਦੇ । ਇਸ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਤੇ ਪੇਂਡੂ-ਸ਼ਹਿਰੀ ਵਿਰੋਧ ਦੇ ਪਰੋਗਰਾਮ ਨੂੰ ਪਰਚਾਰ ਕੇ, ਜਿਸ ਦਾ ਆਧਾਰ ਬੈਅ ਦਾ ਕਾਨੂੰਨ ਸੀ ਤੇ ਜੋ ਸਾਮਰਾਜ ਨੇ ਆਪਣੇ ਹਿੱਤਾਂ ਲਈ ਲਾਗੂ ਕੀਤਾ ਸੀ, ਯੂਨੀਨਿਸਟ ਪਾਰਟੀ ਸਾਮਰਾਜ ਨਾਲ ਭਿਆਲੀ ਪਾ ਕੇ ਆਪਣੇ ਆਪ ਨੂੰ 'ਕਿਸਾਨਾਂ ਦੀ ਸਰਕਾਰ' ਦੇ ਤੌਰ 'ਤੇ ਪੇਸ਼ ਕਰਨ ਲੱਗੀ ਤੇ ਅਜਿਹਾ ਕਰਨ ਵਿਚ ਕਾਮਯਾਬ ਵੀ ਹੋਈ । ਸਰਕਾਰ ਵਲੋਂ ਇਸ ਦਿਆਲਤਾ ਦਾ ਮੁੱਲ ਚੁਕਾਉਣ ਲਈ ਯੂਨੀਨਿਸਟ ਲੀਡਰਾਂ ਵਲੋਂ ਸਾਮਰਾਜੀਆਂ ਨੂੰ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਅੰਗਰੇਜ਼ਾਂ ਦਾ ਫ਼ੌਜੀ ਭਰਤੀ ਦਾ ਅੱਡਾ ਕੌਮਵਾਦੀ ਖਿਆਲਾਂ ਤੋਂ ਕੇਵਲ ਸੁਰੱਖਿਅਤ ਹੀ ਨਹੀਂ ਰਖਿਆ ਜਾਵੇਗਾ ਸਗੋਂ ਸੰਕਟ ਦੀ ਘੜੀ ਇਸ ਨੂੰ ਪਸਾਰਨ ਤੇ ਪੱਕਿਆਂ ਕਰਨ ਦਾ ਯਤਨ ਵੀ ਕੀਤਾ ਜਾਵੇਗਾ । ਇਸ ਲਈ ਵਿਚਾਰਧਾਰਾ ਅਤੇ ਡੰਡੇ ਦੀ ਖੁਲ੍ਹ ਕੇ ਵਰਤੋਂ ਕੀਤੀ ਜਾਵੇਗੀ ਤਾਕਿ 'ਕਿਸਾਨਾਂ ਦੀ ਇਹ ਸਰਕਾਰ' ਬਣੀ ਰਹੇ ਤੇ ਸਰਕਾਰ ਕਿਸਾਨਾਂ ਦੇ ਭਲੇ ਲਈ ਕਦਮ ਪੁੱਟਦੀ ਰਹੇ ਤੇ ਕੌਮਵਾਦੀ ਉਸ ਦੇ ਸ਼ੁਭ ਕੰਮ ਵਿਚ ਰੋੜਾ ਨਾ ਬਣ ਸਕਣ ।

ਯੂਨੀਨਿਸਟ ਪਾਰਟੀ ਨੇ ਕਿਸਾਨਾਂ ਨੂੰ ਲਗਾਤਾਰ ਇਹ ਦਸਿਆ ਕਿ ਕੌਮਵਾਦੀ ਵਿਚਾਰ ਤੁਹਾਡੇ ਦੁਸ਼ਮਣਾਂ ਦੇ ਵਿਚਾਰ ਹਨ । ਇਥੇ ਕਿਸਾਨਾਂ ਨੂੰ ਇਸ ਗੱਲ ਨੇ ਬਹੁਤ ਪਰਭਾਵਤ ਕੀਤਾ ਕਿ ਪੰਜਾਬ ਵਿਚ ਕਾਂਗਰਸ ਦਾ ਆਧਾਰ ਵਧੇਰੇ ਕਰਕੇ ਸ਼ਾਹੂਕਾਰਾਂ ਤੇ ਵਪਾਰੀ ਤਬਕਿਆਂ ਵਿਚ ਸੀ ਤੇ ਇਸ ਦੀ



ਲੀਡਰਸ਼ਿਪ ਉਪਰ ਬੀਮਾ ਕੰਪਨੀਆਂ ਵਿਚ ਭਾਈਵਾਲ ਵਿਅਕਤੀਆਂ ਦਾ ਗ਼ਲਬਾ ਸੀ । ਅਜਿਹੀ ਲੀਡਰਸ਼ਿਪ ਦੀ ਕਿਸਾਨੀ ਨੂੰ ਉਨ੍ਹਾਂ ਦੀਆਂ ਆਰਥਕ ਮੰਗਾਂ ਉਪਰ ਜਥੇਬੰਦ ਕਰਨ ਤੇ ਅਜਿਹੇ ਪਰੋਗਰਾਮ ਨੂੰ ਪਰਚਾਰਨ ਵਿਚ ਕੋਈ ਦਿਲਚਸਪੀ ਨਹੀਂ ਸੀ, ਸਗੋਂ ਇਨ੍ਹਾਂ ਵਿਚੋਂ ਬਹੁਤੇ ਤਾਂ ਸ਼ਾਹੂਕਾਰਾਂ ਵਲੋਂ ਵਿਰੋਧ ਕੀਤੇ ਜਾਣ ਵਾਲੇ ਬੈਅ ਦੇ ਕਾਨੂੰਨ ਸਮੇਂ ਉਨ੍ਹਾਂ ਨਾਲ ਹਮਦਰਦੀ ਰਖਦੇ ਸਨ । ਇੰਜ ਪੰਜਾਬ ਕਿਸਾਨਾਂ ਅੱਗੇ ਯੂਨੀਨਿਸਟ ਪਾਰਟੀ ਨੇ ਕਾਂਗਰਸ ਨੂੰ ਸ਼ਾਹੂਕਾਰਾਂ ਤੇ ਕਿਸਾਨਾਂ ਨੂੰ ਲੁੱਟਣ ਲਈ ਹਾਬੜੇ ਸਰਮਾਏਦਾਰਾਂ ਦੀ ਪਾਰਟੀ ਵਜੋਂ ਪੇਸ਼ ਕੀਤਾ ਤੇ ਆਪਣੇ ਆਪ ਨੂੰ ਕਿਸਾਨੀ ਹਿੱਤਾਂ (ਪੇਂਡੂ ਹਿੱਤਾਂ) ਦੇ ਰੱਖਿਅਕ । ਯੂਨੀਨਿਸਟ ਪਾਰਟੀ ਦੇ ਲੀਡਰਾਂ ਦਾ ਨਾਂ ਅੱਜ ਵੀ ਪੰਜਾਬ ਕਿਸਾਨੀ ਵਿਚ, ਖਾਸ ਕਰ ਹਰਿਆਣੇ ਦੀ ਕਿਸਾਨੀ ਵਿਚ, ਸਤਿਕਾਰ ਨਾਲ ਲਿਆ ਜਾਂਦਾ ਹੈ । ਇਹ ਇਸ ਪਾਰਟੀ ਦੀ ਵਿਚਾਰਧਾਰਕ ਰਹਿੰਦ-ਖੂੰਹਦ ਹੀ ਹੈ ਜਿਸ ਨੂੰ ਅਕਾਲੀ ਪਾਰਟੀ ਆਪਣੀ ਵਿਚਾਰਧਾਰਾ ਵਿਚ ਸਮੋ ਲੈਣ ਲਈ ਯਤਨਸ਼ੀਲ ਹੈ । ਖੱਬੇ-ਪੱਖੀ ਤਾਕਤਾਂ ਉਤਰੀ ਭਾਰਤ ਦੀ ਕਿਸਾਨੀ ਵਿਚ ਬਹੁਤ ਕਮਜ਼ੋਰ ਰਹੀਆਂ ਹਨ ਤੇ ਧਨੀ ਕਿਸਾਨ ਗ਼ਰੀਬ ਕਿਸਾਨਾਂ ਦੇ ਦੁਖਾਂ ਦਾ ਲਾਭ ਉਠਾ ਕੇ ਉਨ੍ਹਾਂ ਅੱਗੇ ਉਨ੍ਹਾਂ ਦੇ ਮਸਲਿਆਂ ਦੇ ਹੱਲ ਲਈ ਪੇਂਡੂ-ਸ਼ਹਿਰੀ ਵਿਰੋਧਤਾ ਦਾ ਸਿਧਾਂਤ ਪੇਸ਼ ਕਰ ਰਿਹਾ ਹੈ । ਇਸ ਖੇਤਰ ਵਿਚ ਧਨੀ ਕਿਸਾਨੀ ਤੇ ਸਰਮਾਏਦਾਰ-ਜਗੀਰਦਾਰਾਂ ਦੀ ਅੱਜ ਇਹ ਭਾਰੂ ਵਿਚਾਰਧਾਰਾ ਹੈ ।

ਇਸ ਇਤਿਹਾਸਕ ਪ੍ਰਸੰਗ ਵਿਚ ਛੋਟੇ ਕਿਸਾਨਾਂ ਨੂੰ ਕਿਸਾਨੀ-ਸ਼ਾਹੂਕਾਰਾਂ ਤੇ ਗ਼ੈਰ-ਕਿਸਾਨੀ ਸ਼ਾਹੂਕਾਰਾਂ ਦੀ ਲੁੱਟ ਤੋਂ ਜੇਕਰ ਕੋਈ ਬਚਾ ਸਕਦਾ ਸੀ ਤੇ ਇਸ ਤਰ੍ਹਾਂ ਪੈਦਾ ਹੋਈ ਕਿਸਾਨੀ ਦੀ ਲਹਿਰ ਨੂੰ ਕੌਮੀ ਆਜ਼ਾਦੀ ਦੀ ਲਹਿਰ ਨਾਲ ਜੋੜ ਸਕਦਾ ਸੀ, ਤਾਂ ਉਹ ਪੰਜਾਬ ਵਿਚ ਖੱਬੇ-ਪੱਖ ਦਾ ਸਾਂਝਾ ਫਰੰਟ ਹੀ ਸੀ, ਭਾਵੇਂ ਇਹ ਦੇਰ ਨਾਲ ਬਣਿਆ ਸੀ ਤੇ ਆਪਸੀ ਫੁੱਟ ਦਾ ਵੀ ਸ਼ਿਕਾਰ ਸੀ । ਵੱਧ ਤੋਂ ਵੱਧ ਕਿਸਾਨਾਂ ਨੂੰ ਤੇ ਖ਼ਾਸ ਕਰਕੇ ਗ਼ਰੀਬ ਪੇਂਡੂ ਤੇ ਸ਼ਹਿਰੀ ਤਬਕਿਆਂ ਨੂੰ ਕੌਮੀ ਲਹਿਰ ਵਿਚ ਸ਼ਾਮਿਲ ਕਰਨ ਦੀ ਸੰਭਾਵਨਾ ਇਸੇ ਸਾਂਝੇ ਫਰੰਟ ਵਿਚ ਸੀ । ਹੇਠਾਂ ਅਸੀਂ ਇਸ ਖੱਬੇ-ਫਰੰਟ ਵਲੋਂ ਕਿਸਾਨੀ-ਲਹਿਰ ਨੂੰ ਜਥੇਬੰਦ ਕਰ ਕੇ ਕੌਮੀ ਲਹਿਰ ਨਾਲ ਜੋੜਨ ਦੇ ਯਤਨਾਂ ਦਾ ਲੇਖਾ-ਜੋਖਾ ਕਰਾਂਗੇ ।

ਪੰਜਾਬ ਕਿਸਾਨ ਕਮੇਟੀ ਦੀ ਨੀਂਹ ਮਾਰਚ 1937 ਵਿਚ ਰੱਖੀ ਗਈ ਤੇ ਇਸ ਨੂੰ ਸਰਬ ਭਾਰਤੀ ਕਿਸਾਨ ਕਮੇਟੀ ਨਾਲ ਸੰਬੰਧਤ ਕੀਤਾ ਗਿਆ । ਪੰਜਾਬੀ ਸਪਤਾਹਿਕ ਸਾਡਾ ਯੁੱਗ ਅਨੁਸਾਰ ਪੰਜਾਬ ਕਿਸਾਨ ਕਮੇਟੀ 1936 ਵਿਚ 'ਪੰਜਾਬ ਕਿਸਾਨ ਸਭਾ' ਦੇ ਝੰਡੇ ਹੇਠ ਕਾਇਮ ਕੀਤੀ ਗਈ। ਇਹ ਬਾਬਾ ਜਵਾਲਾ ਸਿੰਘ ਤੇ ਕਰਤਾਰ ਸਿੰਘ 'ਭੰਗਾਲੀ' ਦੀਆਂ ਅਣਥਕ ਕੋਸ਼ਿਸ਼ਾਂ ਦਾ ਸਿੱਟਾ ਸੀ । (ਬਾਬਾ ਜਵਾਲਾ ਸਿੰਘ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਮੈਨੂੰ ਡਾ: ਭਾਗ ਸਿੰਘ ਦੁਆਰਾ ਰਚਿੱਤ ਉਨ੍ਹਾਂ ਦੀ ਜੀਵਨੀ ਨਹੀਂ ਲੱਭ ਸਕੀ) ਬਾਰ ਦੇ ਕਿਸਾਨਾਂ ਨੂੰ ਜਥੇਬੰਦ ਕਰਨ ਦੇ ਸਿਲਸਿਲੇ ਵਿਚ ਲਾਰੀ ਹਾਦਸੇ ਵਿਚ ਹੋਈ ਉਨ੍ਹਾਂ ਦੀ ਮੌਤ ਨਾਲ ਪੰਜਾਬ ਵਿਚ ਕਿਸਾਨ ਲਹਿਰ ਨੂੰ ਡੂੰਘਾ ਸਦਮਾ ਪਹੁੰਚਿਆ ਕਿਉਂਕਿ ਲਹਿਰ ਦੇ ਸ਼ੁਰੂ ਵਿਚ ਹੀ ਬਾਬਾ ਜੀ ਵਰਗੇ ਪਰਖੇ, ਸੂਝਵਾਨ ਤੇ ਕਿਸਾਨੀ ਦਾ ਵਿਸ਼ਵਾਸ ਜਿੱਤ ਸਕਣ ਵਾਲੇ ਲੀਡਰ ਦੀ ਘਾਟ ਬਹੁਤ ਮਹੱਤਵਪੂਰਨ ਗੱਲ ਸੀ । ਮਤਾਂ ਪਾਠਕ ਭੁੱਲ ਜਾਣ ਪੰਜਾਬ ਵਿਚ ਸਾਮਰਾਜੀ ਤੇ ਉਸ ਦੀ ਏਜੰਟ ਯੂਨੀਨਿਸਟ ਪਾਰਟੀ ਦੁਆਰਾ ਕੌਮਵਾਦੀਆਂ ਵਿਰੁਧ ਦਹਿਸ਼ਤ ਦੇ ਇਸ ਦੌਰ ਵਿਚ, ਫੌਜੀ ਭਰਤੀ ਦੇ ਅੱਡੇ ਵਿਚ ਸਾਮਰਾਜ-ਵਿਰੋਧੀ ਲਹਿਰ ਨੂੰ ਖੜ੍ਹਾ ਕਰਨ ਦਾ ਕੰਮ ਕੋਈ ਸੁਖਾਲਾ ਕੰਮ ਨਹੀਂ ਸੀ । ਆਖ਼ਰ, ਲਾਹੌਰ ਦਾ ਕਿਲ੍ਹਾ ਉਨ੍ਹਾਂ ਲਈ ਕੋਈ

ਬਹੁਤੀ ਦੂਰ ਦੀ ਗੱਲ ਨਹੀਂ ਸੀ ਹੁੰਦਾ। ਕਿਸਾਨੀ ਨੂੰ ਜਥੇਬੰਦ ਕਰਨ ਦਾ ਕੰਮ ਕੇਵਲ ਬਾਬਾ ਜੀ ਵਰਗੇ ਸੁਹਿਰਦ, ਨਿਸ਼ਕਾਮ ਤੇ ਦਲੇਰ ਵਰਕਰ ਹੀ ਕਰ ਸਕਦੇ ਸਨ।

ਪੰਜਾਬ ਕਿਸਾਨ ਕਮੇਟੀ ਦੀ ਵਰਕਿੰਗ ਕਮੇਟੀ ਵਿਚ ਕਈ ਗਰੁੱਪਾਂ ਤੇ ਜਥੇਬੰਦੀਆਂ ਦੇ ਲੋਕ ਸ਼ਾਮਿਲ ਸਨ ਜਿਵੇਂ ਕਾਂਗਰਸ ਸੋਸ਼ਲਿਸਟ, ਦੇਸ਼ ਭਗਤ ਕੈਦੀ ਪਰਵਾਰ ਸਹਾਇਕ ਕਮੇਟੀ, ਰਿਆਸਤੀ ਪਰਜਾ ਮੰਡਲ, ਰੈਡੀਕਲ ਲੀਗ (ਪੰਜਾਬ ਵਿਚ ਕਮਿਊਨਿਸਟ ਪਾਰਟੀ ਦਾ ਗਰੁਪ ਜਿਸ ਦੇ ਆਗੂ ਸੋਹਨ ਸਿੰਘ ਜੋਸ਼ ਸਨ) ਅਤੇ ਜ਼ਰੱਈ ਸੁਧਾਰਾਂ ਬਾਰੇ ਸੰਸਥਾ (Institute of Agrarian Reform)। ਪੰਜਾਬ ਕਿਸਾਨ ਕਮੇਟੀ ਦੀ ਪਹਿਲੀ ਕਾਨਫਰੰਸ ਅਕਤੂਬਰ 1937 ਵਿਚ ਲਾਇਲ-ਪੁਰ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਆਗੂ ਸੱਜਾਦ ਜ਼ਹੀਰ ਨੇ ਕੀਤੀ। ਕੋਈ 500 ਡੈਲੀਗੇਟਾਂ ਵਿਚੋਂ 450 ਡੈਲੀਗੇਟ ਇਸ ਕਾਨਫਰੰਸ ਵਿਚ ਸ਼ਾਮਿਲ ਹੋਏ। ਕਿਰਤੀ-ਲਹਿਰ (ਅਕਤੂਬਰ 1938) ਵਿਚ ਸਰੋਤਿਆਂ ਦੀ ਗਿਣਤੀ 15,000 ਤੋਂ 20 000 ਵਿਚ ਦੱਸੀ ਗਈ ਹੈ. ਜੋ ਕਾਫ਼ੀ ਵਧੇਰੇ ਲੱਗਦੀ ਹੈ। ਇਸ ਕਾਨਫਰੰਸ ਵਿਚ ਬਾਬਾ ਕੇਸਰ ਸਿੰਘ, ਬਾਬਾ ਰੂੜ ਸਿੰਘ ਐਮ. ਐਲ. ਏ. ਤੇ ਭਗਤ ਸਿੰਘ ਬਿਲਗਾ ਕ੍ਰਮਵਾਰ ਪ੍ਰਧਾਨ, ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਚੁਣੇ ਗਏ।*

ਨਵੀਂ ਚੁਣੀ ਲੀਡਰਸ਼ਿਪ ਨੇ ਕਿਸਾਨਾਂ ਦੇ ਕਰਜ਼ੇ ਖ਼ਤਮ ਕਰਨ, ਮਾਮਲਾ ਆਮਦਨੀ ਦੇ ਹਿਸਾਬ ਨਾਲ ਉਗਰਾਹੁਣ ਤੇ ਛੋਟੇ ਕਿਸਾਨਾਂ ਨੂੰ ਹਰ ਪ੍ਰਕਾਰ ਦੇ ਟੈਕਸਾਂ ਤੋਂ ਬਿਲਕੁਲ ਮੁਕਤ ਕਰਨ ਜਿਹੇ ਮਸਲਿਆਂ ਦੁਆਲੇ ਕਿਸਾਨੀ ਘੋਲਾਂ ਨੂੰ ਲਾਮਬੰਦ ਕਰਨ ਦਾ ਫੈਸਲਾ ਕੀਤਾ। ਪੰਜਾਬ ਕਿਸਾਨ ਕਮੇਟੀ ਨੇ ਮੰਗ ਕੀਤੀ ਕਿ ਜ਼ਮੀਨ ਸਿਰਫ਼ ਉਸ ਦੀ ਹੋਵੇ ਜਿਹੜਾ ਉਸ ਨੂੰ ਵਾਹੇ ਤੇ ਵੱਡੇ ਜਗੀਰਦਾਰਾਂ ਦੀਆਂ ਜ਼ਮੀਨਾਂ ਦੀ ਮਾਲਕੀ ਉਨ੍ਹਾਂ ਕਿਸਾਨਾਂ ਨੂੰ ਦਿਤੀ ਜਾਵੇ ਜੋ ਉਨ੍ਹਾਂ 'ਤੇ ਵਾਹੀ ਕਰਦੇ ਸਨ। ਇਸ ਕਾਨਫਰੰਸ ਵਿਚ ਕੁਲ 26 ਮਤੇ ਪਾਸ ਕੀਤੇ ਗਏ। ਇਸ ਕਾਨਫਰੰਸ ਨੇ ਇਕ ਮਤੇ ਰਾਹੀਂ ਅਕਾਲੀ ਪ੍ਰਭਾਵ ਹੇਠ ਬਣੀ ਬੰਦੋਬਸਤ ਕਮੇਟੀ ਨੂੰ ਆਪਣੀ ਵਖਰੀ ਹਸਤੀ ਖ਼ਤਮ ਕਰ ਕੇ ਪੰਜਾਬ ਕਿਸਾਨ ਕਮੇਟੀ ਵਿਚ ਸ਼ਾਮਿਲ ਹੋ ਜਾਣ ਦੀ ਅਪੀਲ ਕੀਤੀ ਤਾਕਿ ਸਾਰੇ ਕਿਸਾਨਾਂ ਦੀ ਇਕੋ ਇਕ ਕੇਂਦਰੀ ਜਥੇਬੰਦੀ ਖੜੀ ਹੋ ਸਕੇ। ਪੰਜਾਬ ਕਿਸਾਨ ਕਮੇਟੀ ਦੀ ਜਨਰਲ ਬਾਡੀ ਵਿਚ ਜ਼ਿਲ੍ਹਿਆਂ ਅਨੁਸਾਰ ਪ੍ਰਤੀਨਿਧਤਾ ਦਾ ਵੇਰਵਾ ਹੇਠਾਂ ਦਿਤਾ ਜਾਂਦਾ ਹੈ ਜੋ ਕਿਰਤੀ-ਲਹਿਰ (ਜੂਨ 12, 1938) ਵਿਚੋਂ ਲਿਆ ਗਿਆ ਹੈ:

ਕੁੱਲ ਮੈਂਬਰਾਂ ਦੀ ਗਿਣਤੀ = 500; ਜ਼ਿਲ੍ਹੇਵਾਰ ਪ੍ਰਤੀਨਿਧਾਂ ਦੀ ਗਿਣਤੀ : ਅੰਮ੍ਰਿਤਸਰ

* ਹਰਕਿਸ਼ਨ ਸਿੰਘ ਸੁਰਜੀਤ ਤੇ ਹਰਨਾਮ ਸਿੰਘ ਚਮਕ ਸਕੱਤਰ ਅਤੇ ਭਗਵਾਨ ਸਿੰਘ ਲੌਂਗੋਵਾਲੀਆ ਖਜ਼ਾਨਚੀ ਚੁਣੇ ਗਏ। ਇਥੇ ਲਹਿਰ ਵਿਚ ਸਰਗਰਮ ਸਾਰੇ ਵਰਕਰਾਂ ਦੇ ਨਾਵਾਂ ਦੀ ਸੂਚੀ ਨਹੀਂ ਦਿਤੀ ਜਾ ਰਹੀ। ਵਰਕਿੰਗ ਕਮੇਟੀ ਦੇ ਕੁਝ ਕੁ ਕਾਰਕੁਨਾਂ ਦੇ ਨਾਂ ਹੇਠ ਦਿਤੇ ਜਾ ਰਹੇ ਹਨ। ਅਵਤਾਰ ਸਿੰਘ ਦਲੇਰ, ਭਾਗ ਸਿੰਘ ਕਨੇਡੀਅਨ, ਡਾ: ਭਾਗ ਸਿੰਘ, ਸੋਹਨ ਸਿੰਘ ਜੋਸ਼, ਮਾਸਟਰ ਕਾਬਲ ਸਿੰਘ, ਮੀਆਂ ਇਫ਼ਤਖਾਰੁੱਦੀਨ, ਚੌਧਰੀ ਰਹਿਮਤਉੱਲਾ, ਕਰਤਾਰ ਸਿੰਘ, ਜਲਵੰਤ ਸਿੰਘ, ਰਘਬੀਰ ਸਿੰਘ, ਸਈਅਦ ਮਤਲਬੀ, ਬਾਬਾ ਚੰਚਲ ਸਿੰਘ, ਨਿਰਮਲ ਸਿੰਘ, ਚੈਨ ਸਿੰਘ ਧੂਤ, ਹਰੀ ਸਿੰਘ, ਰਘਬੀਰ ਕੌਰ, ਬਚਨ ਸਿੰਘ, ਬਾਬਾ ਇੰਦਰ ਸਿੰਘ ਵਰਕਾ, ਜੀਵਨ ਸਿੰਘ, ਮਨਮੋਹਨ ਸਿੰਘ, ਗੁਲਾਬ ਸਿੰਘ, ਗਿਆਨ ਸਿੰਘ, ਦੂਲਾ ਸਿੰਘ, ਉਜਾਗਰ ਸਿੰਘ ਬੀਰ, ਕੇਹਰ ਸਿੰਘ, ਕਰਤਾਰ ਸਿੰਘ, ਮਾਸਟਰ ਹਰੀ ਸਿੰਘ ਤੇ ਜ਼ਮੀਰ ਸਿੰਘ ਫ਼ਗੂਵਾਲੀਆ।



(143) ਲਾਹੌਰ (81) ਜਲੰਧਰ (41) ਫ਼ਿਰੋਜ਼ਪੁਰ (34) ਲੁਧਿਆਣਾ (18) ਹੁਸ਼ਿਆਰਪੁਰ (16) ਮੁਲਤਾਨ (ਨੀਲੀਬਾਰ) (14) ਲਾਇਲਪੁਰ (13) ਸ਼ੇਖੂਪੁਰਾ (9) ਸਿਆਲਕੋਟ (7) ਗੁਰਦਾਸਪੁਰ (6) ਸਰਗੋਧਾ (2) ਰੋਹਤਕ (1) ਕਰਨਾਲ (1) ਹਿਸਾਰ (1) ਕੁਲ ਜੋੜ = 387

ਪੰਜਾਬ ਦੀਆਂ ਦੇਸੀ ਰਿਆਸਤਾਂ ਨੂੰ 100 ਪ੍ਰਤੀਨਿਧ ਭੇਜਣ ਦੀ ਆਗਿਆ ਦਿਤੀ ਗਈ। ਬਾਕੀ ਤੇਰ੍ਹਾਂ ਮੈਂਬਰ ਅਜਿਹੇ ਜ਼ਿਲ੍ਹਿਆਂ ਵਿਚੋਂ ਲੈਣੇ ਸਨ ਜਿਥੇ ਅਜੇ ਜ਼ਿਲ੍ਹਾ ਕਿਸਾਨ ਕਮੇਟੀਆਂ ਕਾਇਮ ਨਹੀਂ ਸਨ ਹੋਈਆਂ। ਕਿਰਤੀ-ਲਹਿਰ (ਜੁਲਾਈ, 1938) ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪ੍ਰਤੀਨਿਧਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਥਾਣੇਵਾਰ ਪ੍ਰਤੀਨਿਧਾਂ ਦੀ ਗਿਣਤੀ: ਸਦਰ (16) ਤਰਨ-ਤਾਰਨ (7) ਕਥੂਨੰਗਲ (6) ਅਜਨਾਲਾ (12) ਲੋਪੋਕੇ (7) ਜੰਡਿਆਲਾ (8) ਰਾਮਦਰ (9) ਝਬਾਲ (11) ਸਰਹਾਲੀ (26) ਵੈਰੋਵਾਲ (6) ਘਵਿੰਡਾ (13) ਬਿਆਸ (14) ਮਜੀਠਾ (8) ਕੁਲ ਜੋੜ = 143

ਜੇਕਰ ਸਾਰੇ ਜ਼ਿਲ੍ਹਿਆਂ ਦੇ ਇਸ ਤਰ੍ਹਾਂ ਥਾਣੇਵਾਰ ਅੰਕੜੇ ਪ੍ਰਾਪਤ ਹੁੰਦੇ ਤਾਂ ਸਾਨੂੰ ਇਸ ਗੱਲ ਦਾ ਆਸਾਨੀ ਨਾਲ ਪਤਾ ਲੱਗ ਜਾਣਾ ਸੀ ਕਿ ਕਿਹੜੇ ਜ਼ਿਲ੍ਹੇ ਦੇ ਕਿਸ ਇਲਾਕੇ ਵਿਚ ਕਿਸਾਨ ਕਮੇਟੀ ਦਾ ਕਿੰਨਾ ਕੁ ਜ਼ੋਰ ਸੀ। ਫਰਵਰੀ 27, 1938 ਦੇ ਕਿਰਤੀ-ਲਹਿਰ ਅਨੁਸਾਰ ਪੰਜਾਬ ਕਿਸਾਨ ਕਮੇਟੀ ਦੇ ਮੈਂਬਰਾਂ ਦੀ ਗਿਣਤੀ 1938 ਵਿਚ 60,000 ਸੀ ਜੋ ਅਪ੍ਰੈਲ ਵਿਚ ਵਧ ਕੇ 73,464 ਹੋ ਗਈ। ਜ਼ਿਲ੍ਹੇਵਾਰ ਵੇਰਵਾ ਇਸ ਪ੍ਰਕਾਰ ਹੈ:

ਅੰਮ੍ਰਿਤਸਰ (26199) ਲਾਹੌਰ (14817) ਜਲੰਧਰ (7429) ਫ਼ਿਰੋਜ਼ਪੁਰ (6157) ਲੁਧਿਆਣਾ (3233) ਹੁਸ਼ਿਆਰਪੁਰ (2932) ਲਾਇਲਪੁਰ (2669) ਮੁਲਤਾਨ-ਮਿੰਟਗੁਮਰੀ (1865) ਸ਼ੇਖੂਪੁਰਾ (1658) ਸਿਆਲਕੋਟ (1336) ਗੁਰਦਾਸਪੁਰ (1183) ਸਰਗੋਧਾ (301) ਰੋਹਤਕ (211) ਕਰਨਾਲ (3) ਰਿਆਸਤਾਂ (3770) ਕੁਲ ਜੋੜ = 73,469

ਕਿਰਤੀ ਲਹਿਰ ਦੇ ਜੁਲਾਈ 31, 1938 ਦੇ ਅੰਕ ਅਨੁਸਾਰ ਪੰਜਾਬ ਵਿਚ ਵੱਖ ਵੱਖ ਥਾਵਾਂ 'ਤੇ ਲੋਕਲ ਕਿਸਾਨ ਕਮੇਟੀਆਂ ਦੀ ਗਿਣਤੀ 1800 ਸੀ। ਜਲੰਧਰ ਜ਼ਿਲ੍ਹੇ ਦੀਆਂ ਹੇਠਲੇ ਹਲਕੇ ਦੀਆਂ ਕਮੇਟੀਆਂ ਕਾਫ਼ੀ ਸਰਗਰਮ ਸਨ। ਬਾਕੀ ਜ਼ਿਲ੍ਹਿਆਂ ਬਾਰੇ ਅਜਿਹਾ ਵੇਰਵਾ ਪ੍ਰਾਪਤ ਨਹੀਂ। ਕਮੇਟੀਆਂ, ਥਾਣੇ ਜਾਂ ਤਹਿਸੀਲ ਵਿਚ ਮੈਂਬਰਾਂ ਦੀ ਗਿਣਤੀ ਕਰਮਵਾਰ ਇਸ ਪਰਕਾਰ ਸੀ:

ਚੀਮਾਂ ਕਲਾਂ (ਨੂਰ-ਮਹਿਲ) 16, ਅੱਟਾ (ਫ਼ਿਲੌਰ) 11, ਮੋਜ਼ਿਆ ਕਾਰਨਾਨਾ (ਨਵਾਂ-ਸ਼ਹਿਰ) 9, ਬਹਾਦਰਗੜ੍ਹ (ਜਲੰਧਰ) 7; ਕਰਮ ਸਿੰਘ ਚੀਮਾਂ, ਚੈਨ ਸਿੰਘ ਚੈਨ, ਲਾਹੌਰੀ ਰਾਮ ਪ੍ਰਦੇਸੀ, ਭਗਤ ਸਿੰਘ ਬਿਲਗਾ, ਹਰਕਿਸ਼ਨ ਸਿੰਘ ਸੁਰਜੀਤ, ਭਾਗ ਸਿੰਘ ਕਨੇਡੀਅਨ, ਮਾਸਟਰ ਕਾਬਲ ਸਿੰਘ ਤੇ ਉਜਾਗਰ ਸਿੰਘ ਦੁਸਾਂਝ ਕਲਾਂ ਇਸ ਜ਼ਿਲ੍ਹੇ ਦੇ ਵਧੇਰੇ ਸਰਗਰਮ ਵਰਕਰਾਂ ਵਿਚੋਂ ਸਨ। 1938 ਵਿਚ ਸਰਬ-ਭਾਰਤੀ ਕਿਸਾਨ ਸਭਾ ਵਿਚ ਪੰਜਾਬ ਕਿਸਾਨ ਕਮੇਟੀ ਮੈਂਬਰਾਂ ਦੇ ਪੱਖ ਤੋਂ ਦੂਜੇ ਨੰਬਰ ਉਤੇ ਸੀ। ਸੂਬੇਵਾਰ ਮੈਂਬਰ ਇਸ ਪਰਕਾਰ ਸਨ:

ਬਿਹਾਰ (250000), ਪੰਜਾਬ (73000), ਯੂ. ਪੀ. (60000), ਆਂਧਰਾ (53000), ਬੰਗਾਲ (34000), ਉਤਕਲ (18000), ਸੀ.ਪੀ. (2000), ਮਹਾਂਰਾਸ਼ਟਰਾ (1300), ਕੁਲ ਜੋੜ = 546800

ਉਪਰ ਦਿੱਤੇ ਅੰਕੜਿਆਂ ਤੋਂ ਇਕ ਗੱਲ ਜੋ ਸਪਸ਼ਟ ਤੌਰ 'ਤੇ ਉਭਰ ਕੇ ਸਾਹਮਣੇ ਆਉਂਦੀ ਹੈ ਉਹ ਇਹ ਕਿ ਜ਼ਿਲ੍ਹੇਵਾਰ ਮੈਂਬਰਾਂ ਦੀ ਗਿਣਤੀ ਵਿਚ ਬਹੁਤ ਅਸਾਵਾਂਪਨ ਸੀ। ਲਗਭਗ 74 ਫੀ ਸਦੀ ਮੈਂਬਰ ਕੇਂਦਰੀ ਪੰਜਾਬ ਦੇ ਚਾਰ ਜ਼ਿਲ੍ਹਿਆਂ—ਅੰਮ੍ਰਿਤਸਰ, ਲਾਹੌਰ, ਜਲੰਧਰ ਤੇ ਫ਼ਿਰੋਜ਼ਪੁਰ—

ਵਿਚੋਂ ਸਨ। ਇਥੇ ਇਹ ਦੱਸਣਾ ਮਹੱਤਵਪੂਰਣ ਹੈ ਕਿ ਇਹ ਉਹੀ ਜ਼ਿਲ੍ਹੇ ਹਨ ਜਿਥੇ ਪਹਿਲਾਂ ਅਕਾਲੀ ਲਹਿਰ ਦਾ ਡੂੰਘਾ ਪ੍ਰਭਾਵ ਫੈਲਿਆ ਹੋਇਆ ਸੀ (ਅਕਾਲੀ-ਲਹਿਰ ਦੇ ਪ੍ਰਭਾਵ-ਖੇਤਰ ਲਈ ਵੇਖੋ ਮਹਿੰਦਰ ਸਿੰਘ ਦੀ ਹੁਣੇ ਹੁਣੇ ਛਪੀ ਕਿਤਾਬ : The Akali Movement, MacMillan Company of India, Ltd. 1978) ਪੰਜਾਬ ਕਿਸਾਨ ਕਮੇਟੀ ਦੀ ਲੀਡਰਸ਼ਿਪ ਵੀ ਵਧੇਰੇ ਕਰਕੇ ਇਨ੍ਹਾਂ ਜ਼ਿਲ੍ਹਿਆਂ ਵਿਚੋਂ ਸੀ ਜੋ ਗ਼ਦਰ ਅਤੇ ਅਕਾਲੀ ਲਹਿਰਾਂ ਵਿਚੋਂ ਦੀ ਲੰਘ ਚੁੱਕੀ ਸੀ। ਪੰਜਾਬ ਦੇ ਪੱਛਮੀ ਤੇ ਬਹੁਤੀ ਮੁਸਲਮ ਵਸੋਂ ਵਾਲੇ ਜ਼ਿਲ੍ਹਿਆਂ ਵਿਚ, ਜਿਥੇ ਵਾਹੀਕਾਰਾਂ ਦਾ ਲਗਭਗ 80 ਫੀ ਸਦੀ ਹਿੱਸਾ ਮੁਜ਼ਾਰੇ ਸਨ, ਪੰਜਾਬ ਕਿਸਾਨ ਕਮੇਟੀ ਦੀ ਮੈਂਬਰਸ਼ਿਪ ਤੇ ਪ੍ਰਭਾਵ ਕੇਂਦਰੀ ਜ਼ਿਲ੍ਹਿਆਂ ਦੇ ਮੁਕਾਬਲੇ ਬਿਲਕੁਲ ਘੱਟ ਸੀ। ਪੰਜਾਬ ਕਿਸਾਨ ਕਮੇਟੀ ਦੇ ਮਿੰਟਗੁਮਰੀ ਤੇ ਮੁਲਤਾਨ ਜ਼ਿਲ੍ਹਿਆਂ ਵਿਚੋਂ ਮੈਂਬਰ ਕੇਵਲ 1865 ਸਨ ਜਦੋਂ ਕਿ ਇਸ ਦੇ ਮੁਕਾਬਲੇ ਅੰਮ੍ਰਿਤਸਰ, ਲਾਹੌਰ ਤੇ ਜਲੰਧਰ ਵਿਚ ਮੈਂਬਰਾਂ ਦੀ ਗਿਣਤੀ ਕ੍ਰਮਵਾਰ 26199, 14817 ਅਤੇ 7429 ਸੀ।

ਇਥੇ ਜੋ ਸਵਾਲ ਪੈਦਾ ਹੁੰਦਾ ਹੈ ਉਹ ਇਹ ਕਿ ਉਤਰੀ-ਪੱਛਮੀ ਪੰਜਾਬ ਦੇ ਨੀਲੀਬਾਰ ਦੇ ਇਲਾਕੇ ਵਿਚਲੇ ਮੁਜ਼ਾਰਿਆਂ ਨੂੰ ਜਥੇਬੰਦ ਕਰਨ ਤੇ ਸਥਾਈ ਜਨਤਕ ਆਧਾਰ ਕਾਇਮ ਕਰਨ ਵਿਚ ਪੰਜਾਬ ਕਿਸਾਨ ਕਮੇਟੀ ਕਿਉਂ ਕਾਮਯਾਬ ਨਾ ਹੋ ਸਕੀ ? ਬਾਰ ਦੇ ਇਲਾਕਿਆਂ ਵਿਚ ਪੰਜਾਬ ਕਿਸਾਨ ਕਮੇਟੀ ਦੇ ਕਾਰਕੁਨਾਂ ਨੇ ਮੁਜ਼ਾਰਾ ਵਾਹੀਕਾਰਾਂ ਨੂੰ ਮਿਲਣ ਤੇ ਜਥੇਬੰਦ ਕਰਨ ਦਾ ਯਤਨ 50-ਵਿਆਂ ਵਿਚ ਸ਼ੁਰੂ ਕੀਤਾ, ਪਰ ਕਾਰਕੁਨਾਂ ਦੇ ਟੂਰ ਤੇ ਮੇਲ-ਮਿਲਾਪ ਦੇ ਯਤਨ ਲਗਾਤਾਰ ਨਹੀਂ ਸਨ, ਸਗੋਂ ਟੁਟਵੇਂ ਟੁਟਵੇਂ, ਕਦੇ ਕਦੇ ਤੇ ਟਾਵੇਂ ਟਾਵੇਂ ਹੁੰਦੇ ਸਨ। ਨਤੀਜੇ ਵਜੋਂ ਇਨ੍ਹਾਂ ਇਲਾਕਿਆਂ ਵਿਚ ਸਿਲਸਿਲੇਬੱਧ ਤੇ ਜ਼ੋਰਦਾਰ ਢੰਗ ਨਾਲ ਜਥੇਬੰਦੀ ਦੇ ਕਾਰਜ ਨੂੰ ਕਦੇ ਵੀ ਨਾ ਲਿਆ ਗਿਆ। ਇਨ੍ਹਾਂ ਇਲਾਕਿਆਂ ਦੇ ਮੁਜ਼ਾਰਿਆਂ ਵਿਚ ਪੰਜਾਬ ਕਿਸਾਨ ਕਮੇਟੀ ਦੇ ਸਥਾਈ ਪ੍ਰਭਾਵ ਆਧਾਰ ਨਾ ਕਾਇਮ ਕਰਨ ਦੇ ਕਾਰਨ ਤਦ ਸਪੱਸ਼ਟ ਹੁੰਦੇ ਹਨ ਜਦ ਅਸੀਂ ਉਨ੍ਹਾਂ ਦੇ ਪ੍ਰਾਪੇਗੰਡਾ ਕਰਨ ਅਤੇ ਸਿਆਸੀਕਰਨ ਦੇ ਢੰਗਾਂ ਉਪਰ ਨਜ਼ਰ ਮਾਰਦੇ ਹਾਂ।

ਲੀਡਰਾਂ ਦਾ ਕਿਸਾਨੀ ਕੋਲ ਪੁੱਜਣ ਦਾ ਢੰਗ ਇਹ ਹੁੰਦਾ ਸੀ (ਅੱਜ ਵੀ ਇਹੀ ਹੈ) : ਕਿਸੇ ਪਿੰਡ ਵਿਚਲੇ 'ਲੋਕਲ ਕਨਟੈਕਟ' ਇਲਾਕੇ ਜਾਂ ਸੂਬਾ ਪੱਧਰ ਦੇ ਕਾਰਕੁਨਾਂ ਨੂੰ ਉਨ੍ਹਾਂ ਦੇ ਪਿੰਡ ਵਿਚ ਜਲਸਾ ਕਰਨ ਜਾਂ ਕਾਨਫਰੰਸ ਕਰਨ ਦਾ ਸੱਦਾ ਦਿੰਦੇ ਸਨ ਤੇ ਨੀਯਤ ਦਿਨ 'ਤੇ ਲੋਕ ਸਮਾਂ ਕੱਢਕੇ ਕਿਸਾਨ-ਜਲਸਿਆਂ ਵਿਚ ਉਨ੍ਹਾਂ ਦੇ ਵਿਚਾਰ ਸੁਣਨ ਲਈ ਜੁੜ ਜਾਂਦੇ ਸਨ। ਪਰ ਪਿੰਡਾਂ ਵਿਚ ਇਨ੍ਹਾਂ ਸਿਆਸੀ ਕਾਰਕੁਨਾਂ ਨੂੰ ਸੱਦ ਕੇ ਜਲਸਾ ਕਰਵਾਉਣ ਦੀ ਹਿੰਮਤ ਉਹੀ ਕਰ ਸਕਦਾ ਸੀ ਜੋ ਕਿਸੇ ਵੀ ਧੌਂਸ ਤੋਂ ਆਕੀ ਸੀ ਭਾਵ ਜੋ ਪਿੰਡ ਦੇ ਨੰਬਰਦਾਰ, ਜ਼ੈਲਦਾਰ, ਲਾਇਸੰਸੀ ਜਾਂ ਜਗੀਰਦਾਰ ਦੇ ਤਹਿਤ ਥੱਲੇ ਨਹੀਂ ਸੀ ਹੁੰਦਾ। ਬਹੁਤੀ ਵੇਰ ਤਾਂ ਸਰਕਾਰ ਦੇ ਇਹ ਝੋਲੀ-ਚੁੱਕ ਪੁਲਸ ਨੂੰ ਪਹਿਲਾਂ ਹੀ ਖ਼ਬਰ ਕਰ ਕੇ ਪਿੰਡ ਵਿਚ ਉਥੋਂ ਦੇ ਜਲਸਾ-ਪ੍ਰਬੰਧਕਾਂ ਨੂੰ ਧਮਕਾ ਕੇ ਚੁੱਪ ਕਰਵਾ ਦਿੰਦੇ ਸਨ। ਕਈ ਵੇਰ ਇਸ ਗੱਲ 'ਤੇ ਝਗੜਾ ਵੀ ਹੋ ਜਾਂਦਾ ਸੀ। ਫਤੇਵਾਲ ਕਤਲ ਕੇਸ ਦਾ ਵਾਕਿਆ ਅਜਿਹਾ ਹੀ ਝਗੜਾ ਸੀ ਜਿਥੇ ਜਗੀਰਦਾਰ ਖੱਬੇ-ਪੱਖੀਆਂ ਦਾ ਜਲਸਾ ਨਹੀਂ ਸਨ ਹੋਣ ਦਿੰਦੇ। ਦੂਸਰੇ ਪਾਸੇ ਸਿਆਸੀ ਕਾਰਕੁਨ ਇਹ ਮਹਿਸੂਸ ਕਰਦੇ ਸਨ ਕਿ ਅਗਰ ਇਸ ਪਿੰਡ ਜਲਸਾ ਨਾ ਕਰ ਸਕੇ ਤਾਂ ਸਾਰੇ ਇਲਾਕੇ ਵਿਚ ਕਿਵੇਂ ਕਰਾਂਗੇ। ਇੰਜ ਨੌਬਤ ਕਤਲ ਤੱਕ ਪੁੱਜ ਗਈ ਜਿਸ ਵਿਚ ਅੱਛਰ ਸਿੰਘ ਛੀਨਾ ਫਰਾਰ ਰਿਹਾ। ਕਹਿਣ ਦਾ ਭਾਵ ਇਹ ਕਿ ਪਿੰਡਾਂ ਵਿਚ ਇਕ ਪ੍ਰਕਾਰ ਦੀ ਪੇਂਡੂ ਪੱਧਰ ਦੀ ਲੀਡਰਸ਼ਿਪ ਦੀ ਹੋਂਦ ਕਾਰਨ ਹੀ ਜਲਸਾ ਹੋ ਸਕਦਾ ਸੀ,



ਵਰਨਾ ਨਹੀਂ। ਇਸ ਤਰ੍ਹਾਂ ਦੀ ਪੇਂਡੂ ਪੱਧਰ ਦੀ ਲੀਡਰਸ਼ਿਪ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਦੇ ਬਹੁਤੇ ਪਿੰਡਾਂ ਵਿਚ ਤਾਂ ਸੀ, ਪਰ ਉਤਰ-ਪੱਛਮੀ ਪੰਜਾਬ ਦੇ ਇਲਾਕਿਆਂ (ਜਿਥੇ ਬਹੁਤੀ ਵਸੋਂ ਮੁਸਲਮਾਨਾਂ ਦੀ ਸੀ) ਵਿਚ ਅਜਿਹੀ ਲੀਡਰਸ਼ਿਪ ਦੀ ਅਣਹੋਂਦ ਸੀ। ਇਸ ਦੇ ਕੀ ਕਾਰਨ ਸਨ ?

ਇਸ ਦਾ ਕਾਰਨ ਉਹ ਸਿਆਸੀਕਰਨ ਦੀ ਪ੍ਰਕ੍ਰਿਆ ਸੀ ਜਿਸ ਵਿਚੋਂ ਦੀ ਪੰਜਾਬ ਵੀਹਵੀਂ ਸਦੀ ਦੇ ਪਹਿਲੇ ਤਿੰਨਾਂ ਦਹਾਕਿਆਂ ਵਿਚੋਂ ਦੀ ਗੁਜ਼ਰਿਆ ਸੀ। ਪੰਜਾਬ ਦੇ ਪੇਂਡੂ ਇਲਾਕਿਆਂ ਨੂੰ ਸਿਆਸਤ ਦੀ ਲਪੇਟ ਵਿਚ ਲੈਣ ਵਾਲੀ ਸਭ ਤੋਂ ਵਡੀ ਲਹਿਰ ਅਕਾਲੀ ਲਹਿਰ (1920-25) ਸੀ ਜੋ ਗਾਂਧੀ ਵਲੋਂ ਦੇਸ਼-ਵਿਆਪੀ ਪੱਧਰ 'ਤੇ ਚਲਾਈ ਜਾਣ ਵਾਲੀ ਨਾਮਿਲਵਰਤੋਂ ਦੀ ਲਹਿਰ ਨਾਲ ਘੁਲ-ਮਿਲ ਗਈ ਸੀ। ਸਿੱਖ ਕਿਸਾਨੀ ਅਕਾਲੀ-ਲਹਿਰ ਦੀ ਰੀੜ੍ਹ ਦੀ ਹੱਡੀ ਸੀ (ਹੋਰ ਵੇਰਵੇ ਲਈ ਵੇਖੋ ਮਹਿੰਦਰ ਸਿੰਘ ਦੀ ਉਪਰ ਦੱਸੀ ਪੁਸਤਕ)। ਉਨ੍ਹਾਂ ਲੋਕਾਂ ਨੇ ਜਿਨ੍ਹਾਂ ਨੇ ਇਸ ਲਹਿਰ ਵਿਚ ਭਾਗ ਲਿਆ ਜਾਂ ਸਰਗਰਮ ਹਮਦਰਦੀ ਜਤਲਾਈ ਉਹ ਵਿਅਕਤੀ ਪਿੰਡਾਂ ਵਿਚ ਲੋਕਲ ਪੱਧਰ ਦੀ ਲੀਡਰਸ਼ਿਪ ਦੇ ਤੌਰ 'ਤੇ ਉਭਰੇ ਤੇ ਪਿੰਡਾਂ ਵਿਚ ਉਨ੍ਹਾਂ ਦਾ ਅਸਰ-ਰਸੂਖ ਕਾਇਮ ਹੋਇਆ। ਇੰਜ ਅਜਿਹੇ ਵਿਅਕਤੀ ਹੇਠਲੀ ਪੱਧਰ 'ਤੇ ਸਿਆਸੀ ਵਿਚਾਰਾਂ ਦਾ ਸੋਮਾਂ ਹੋ ਨਿਬੜੇ ਤੇ ਸਿਆਸੀ ਵਿਚਾਰਾਂ ਕਾਰਨ ਨੇੜੇ ਦੇ ਪਿੰਡਾਂ ਦੇ ਆਪਣੇ ਵਰਗੇ ਲੋਕਾਂ ਨਾਲ ਉਨ੍ਹਾਂ ਦੀ ਜਾਣ-ਪਛਾਣ ਤੇ ਨੇੜਤਾ ਵਧੀ ਤੇ ਇੰਜ ਨਵੀਂ ਕਿਸਮ ਦਾ ਮੇਲ-ਮਿਲਾਪ ਸ਼ੁਰੂ ਹੋਇਆ। ਕਿਰਤੀ ਲਹਿਰ (ਕਮਿਊਨਿਸਟ ਲਹਿਰ) ਦੇ ਨੇਤਾਵਾਂ ਤੇ ਹਮਦਰਦਾਂ ਨੇ ਵੀ ਅਕਾਲੀ-ਲਹਿਰ ਵਿਚ ਉੱਘਾ ਭਾਗ ਲਿਆ ਸੀ ਤੇ ਇੰਜ ਉਸ ਦੀਆਂ ਤੰਦਾਂ ਇਸ ਲਹਿਰ ਦੇ ਜਨਤਕ ਆਧਾਰ ਨਾਲ ਜੁੜੀਆਂ ਹੋਈਆਂ ਸਨ। **ਬਹੁਤੀ ਵੇਰ ਪਿੰਡਾਂ ਵਿਚਲਾ ਇਹ ਕਨਟੇਕਟ ਜਾਂ ਸੈੱਲ ਜਾਂ ਕਮੇਟੀ ਪਿੰਡ ਵਿਚ ਅਕਾਲੀ, ਕਾਂਗਰਸ ਪਾਰਟੀ ਤੇ ਕਮਿਊਨਿਸਟਾਂ ਦਾ ਸਾਂਝਾ ਕਨਟੈਕਟ ਹੁੰਦਾ ਸੀ। ਉਹੀ ਇਨ੍ਹਾਂ ਸਾਰੀਆਂ ਵਿਚਾਰਧਾਰਾਵਾਂ ਦੇ ਨੇਤਾਵਾਂ ਜਾਂ ਕਾਰਕੁਨਾਂ ਲਈ ਠਾਹਰ ਤੇ ਮੀਟਿੰਗਾਂ ਦਾ ਪ੍ਰਬੰਧ ਕਰਦਾ ਸੀ। ਇਸ ਕਾਰਨ ਪੰਜਾਬ ਦੀ ਕਿਸਾਨੀ ਲਹਿਰ ਵਧੇਰੇ ਕਰਕੇ ਕੇਵਲ ਸਿੱਖ ਕਿਸਾਨੀ ਤੱਕ ਹੀ ਸੀਮਤ ਰਹੀ ਤੇ ਇਸ ਦੇ ਮੋਰਚਿਆਂ ਦੀ ਲੀਡਰਸ਼ਿਪ ਵੀ ਮਿਲਵੀਂ (ਭਾਵ ਅਕਾਲੀ, ਕਾਂਗਰਸੀ ਤੇ ਕਮਿਊਨਿਸਟ) ਰਹੀ।**

ਨੀਲੀਬਾਰ ਦੇ ਇਲਾਕਿਆਂ ਵਿਚ ਅਜਿਹੀ ਪੇਂਡੂ ਪੱਧਰ ਦੀ ਲੀਡਪਸ਼ਿਪ ਨਾ ਉਭਰਨ ਕਾਰਨ ਪੰਜਾਬ ਕਿਸਾਨ ਕਮੇਟੀ ਦੀ ਸੂਬਾਈ ਤੇ ਇਲਾਕਾ ਪੱਧਰ ਦੀ ਲੀਡਰਸ਼ਿਪ ਵਿਚਕਾਰ ਤੇ ਪੇਂਡੂ ਜਨਤਾ, ਜਿਨ੍ਹਾਂ ਵਿਚ ਬਹੁ-ਸੰਮਤੀ ਮੁਜ਼ਾਰਿਆਂ ਦੀ ਸੀ, ਵਿਚਕਾਰ ਨਾ ਤਾਂ ਕੋਈ ਸਥਾਈ ਤਾਲ-ਮੇਲ ਹੀ ਪੈਦਾ ਹੋ ਸਕਿਆ ਤੇ ਨਾ ਹੀ ਲਗਾਤਾਰ ਸਿਲਸਿਲੇ-ਬੱਧ ਢੰਗ ਨਾਲ ਜਥੇਬੰਦ ਕਰਨ ਦਾ ਕੰਮ ਹੀ ਹੋ ਸਕਿਆ। ਇੰਜ ਪੰਜਾਬ ਦੀ ਕਿਸਾਨੀ ਲਹਿਰ ਕੇਵਲ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਦੀ ਛੋਟੀ ਕਿਸਾਨੀ ਤੱਕ ਹੀ ਸੀਮਤ ਰਹੀ ਜਿਸ ਵਿਚ ਧਨੀ ਕਿਸਾਨੀ ਨੇ ਵਧੇਰੇ ਕਰਕੇ ਲੀਡਰਸ਼ਿਪ ਦਾ ਰੋਲ ਅਦਾ ਕੀਤਾ। ਇਥੇ ਇਸ ਗੱਲ ਦਾ ਜ਼ਿਕਰ ਬਹੁਤ ਜ਼ਰੂਰੀ ਹੈ ਕਿ ਛੋਟੀ ਕਿਸਾਨੀ ਵਲ ਰੁਚਿਤ ਇਸ ਖੱਬੇ-ਪੱਖੀ ਲੀਡਰਸ਼ਿਪ ਨੇ ਹਰੀਜਨਾਂ ਤੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਵਲ ਉੱਕਾ ਹੀ ਕੋਈ ਧਿਆਨ ਨਹੀਂ ਦਿਤਾ। **ਪੰਜਾਬ ਦੀ ਕਿਸਾਨੀ ਲਹਿਰ ਦਾ ਇਕ ਖ਼ਾਸ ਚਰਿਤਰ ਰਿਹਾ ਹੈ ਜਿਸ ਨੂੰ ਇੰਜ ਬਿਆਨਿਆ ਜਾ ਸਕਦਾ ਹੈ :** ਜਦ ਆਰਥਕ ਸੰਕਟ ਡੂੰਘਾ ਹੁੰਦਾ ਹੈ ਤਾਂ ਇਸ ਕਿਸਾਨੀ ਦੀ ਉਭਰਦੀ ਲਹਿਰ ਪਹਿਲਾਂ ਸੰਵਿਧਾਨਕ ਲੀਹਾਂ 'ਤੇ ਚਲਣ ਵਾਲੀ ਮਾਡਰੇਟ ਲੀਡਰਸ਼ਿਪ (constitutional leadership) ਵਲ ਤੇ ਖ਼ਾਸ ਕਰਕੇ ਸਰ ਛੋਟੂ ਰਾਮ ਦੀ

ਜ਼ਿਮੀਂਦਾਰਾ ਯੂਨੀਅਨ ਵਲ ਆਸ-ਭਰੀਆਂ ਨਜ਼ਰਾਂ ਨਾਲ ਤੱਕਦੀ ਸੀ । ਉਨ੍ਹਾਂ ਰਾਹੀਂ ਸਰਕਾਰ ਤੋਂ ਆਰਥਕ ਰਿਆਇਤਾਂ ਮੰਗਦੀ ਸੀ । ਪਰ ਜਦ ਮੰਗਾਂ ਇਸ ਜਾਂ ਅਜਿਹੀ ਜਥੇਬੰਦੀ ਦੁਆਰਾ ਨਾ ਮੰਨਵਾਈਆਂ ਜਾਂਦੀਆਂ ਤਾਂ ਇਕ ਪਾਸੇ ਇਹ ਲਹਿਰ ਹੋਰ ਵਧੇਰੇ ਜੋਸ਼ ਵਿਚ ਆਉਂਦੀ, ਪ੍ਰਭਾਵ ਦਾ ਖੇਤਰ (mobilization) ਵਧਾਉਂਦੀ ਤੇ ਨਾਲ ਹੀ ਮੁਕਾਬਲਤਨ ਵਧੇਰੇ ਮਿਲੀਟੈਂਟ ਲੀਡਰਸ਼ਿਪ ਵਲ ਸਰਕਣ ਲੱਗ ਪੈਂਦੀ । ਇੰਜ ਹੁਣ ਅਕਾਲੀ ਤੇ ਕਾਂਗਰਸੀ ਪਰਭਾਵ ਵਾਲੀਆਂ ਲੋਕਲ ਜਥੇਬੰਦੀਆਂ ਜਾਂ ਸ਼ਖ਼ਸੀਅਤਾਂ ਪਿਛੇ ਜਨਤਕ ਜ਼ੋਰ ਵਧਣ ਲਗਦਾ ਤੇ ਐਜੀਟੇਸ਼ਨ ਨਵੇਂ ਦੌਰ ਵਿਚ ਦਾਖ਼ਲ ਹੋ ਜਾਂਦੀ । ਪਰ ਆਰਥਕ ਮੰਗਾਂ ਦੀ ਪੂਰਤੀ ਅੱਜੇ ਵੀ ਦੂਰ ਦੀ ਗੱਲ ਹੀ ਰਹਿੰਦੀ । ਹੁਣ ਇਸ ਦਾ ਥੋੜ੍ਹ-ਚਿਰਾ ਗੁੱਸਾ ਪੂਰੇ ਜਲੌ ਵਿਚ ਆਉਂਦਾ ਤੇ ਆਖ਼ਰ ਲਹਿਰ ਮਿਲੀਟੈਂਟ ਰੂਪ ਧਾਰ ਕੇ ਪਹਿਲਾਂ ਦੀ ਮਿਲੀਟੈਂਟ ਕਿਸਾਨ ਲੀਡਰਸ਼ਿਪ ਵਲ (ਭਾਵ ਕਮਿਊਨਿਸਟਾਂ ਵਲ) ਮੁੜਦੀ ਤੇ ਆਪਣੇ ਪੂਰੇ ਭਰਵੇਂ ਰੂਪ ਵਿਚ ਸਾਮਰਾਜੀ ਸਟੇਟ 'ਤੇ ਆਰਥਕ ਮੰਗਾਂ ਮੰਨਵਾਉਣ ਲਈ ਦਬਾਅ ਪਾਉਂਦੀ ।

ਇਸ ਸਮੇਂ ਦੇ ਦੌਰਾਨ ਸਰਕਾਰ ਸਮੁੱਚੀ ਲਹਿਰ ਦੇ ਪਸਾਰ, ਡੂੰਘਾਈ ਤੇ ਮਿਲੀਟੈਂਸੀ ਦਾ ਜਾਇਜ਼ਾ ਲੈਂਦੀ ਰਹਿੰਦੀ । ਠੀਕ ਮੌਕਾ ਤਾੜ ਕੇ ਕਿਸਾਨਾਂ ਨੂੰ ਕੁਝ ਦੇ ਦਿੰਦੀ; ਭਾਵ ਜੇਕਰ ਅੱਸੀ ਲੱਖ ਮਾਮਲਾ ਮੁਆਫ਼ ਕਰਨ ਦੀ ਮੰਗ ਹੁੰਦੀ ਤਾਂ ਪੈਂਤੀ ਲੱਖ ਦੀ ਮੁਆਫ਼ੀ ਦੇ ਦਿੰਦੀ । ਤਕਾਵੀ ਅੱਗੇ ਪਾ ਦਿੰਦੀ, ਤੇ ਨਾਲ ਹੀ ਖੱਬੀ ਲੀਡਰਸ਼ਿਪ 'ਤੇ ਤਸ਼ੱਦਦ ਦਾ ਦੌਰ ਤੇਜ਼ ਕਰ ਦਿੰਦੀ । ਆਪਣੀਆਂ ਅੱਧ-ਪਚੱਧ ਮੰਗਾਂ ਮੰਨਵਾ, ਲੀਡਰਸ਼ਿਪ ਨੂੰ ਉਥੇ ਹੀ ਛੱਡ ਇਹ ਕਿਸਾਨੀ ਫੇਰ ਘਰਾਂ ਵਲ ਮੁੜ ਪੈਂਦੀ, ਕਿੱਲਿਆਂ 'ਤੇ ਉਦਾਸ ਖੜੇ ਪਸ਼ੂਆਂ ਨੂੰ ਪੱਠੇ ਪਾਉਂਦੀ ਤੇ ਆਪਣੇ ਖੇਤਾਂ ਵਿਚ ਲਹੂ-ਪਸੀਨੇ ਦੀ ਕਮਾਈ ਵਿਚ ਜੁੱਟ ਜਾਂਦੀ । ਥਲਿਓਂ ਤ੍ਰੇਠ, ਦੁੱਧ ਦੇ ਉਬਾਲ ਵਾਂਗ ਮੁੜ ਉਥੇ ਹੀ ਪਰਤ ਜਾਂਦੀ । ਬਸ ਪਿੱਛੇ ਛੱਡ ਜਾਂਦੀ ਕਮਿਊਨਿਸਟਾਂ ਲਈ ਕੁਝ ਕੁ ਨਵੇਂ ਕਿਸਾਨੀ ਕਨਟੈਕਟ ਜਿਵੇਂ ਸਮੁੰਦਰ ਦੀਆਂ ਛੋਟੀਆਂ ਛੱਲਾਂ ਤੱਟ ਉਪਰ ਨਿੱਕੇ ਨਿੱਕੇ ਘੋਗੇ ਸਿੱਪੀਆਂ ਛੱਡ ਜਾਂਦੀਆਂ ਹਨ । ਭਾਵ ਕਿਸਾਨੀ ਦੀਆਂ ਇਹ ਤੈਹਾਂ ਕਮਿਊਨਿਸਟਾਂ ਤੋਂ ਵਿਚਾਰਧਾਰਕ ਤੌਰ 'ਤੇ ਤਾਂ ਪਰਭਾਵਤ ਨਾ ਹੁੰਦੀਆਂ ਪਰ ਚੋਣਵੇਂ ਪਿੰਡਾਂ ਦੇ ਚੋਣਵੇਂ ਬੰਦੇ ਪਾਰਟੀ ਦੇ ਪ੍ਰਭਾਵ ਹੇਠ ਜ਼ਰੂਰ ਆ ਜਾਂਦੇ । ਇਸ ਕਿਸਾਨੀ ਨੂੰ ਜਦ ਆਪਣੀਆਂ ਆਰਥਕ ਮੰਗਾਂ ਲਈ ਮਿਲੀਟੈਂਟ ਐਜੀਟੇਸ਼ਨ ਕਰਨੀ ਪੈਂਦੀ ਤਾਂ ਇਹ ਇਸ ਗੱਲ ਦੀ ਪਰਵਾਹ ਨਾ ਕਰਦੀ ਕਿ ਗਾਈਡ ਕਰਨ ਵਾਲੀ ਲੀਡਰਸ਼ਿਪ ਦੀ ਵਿਚਾਰਧਾਰਾ ਕੀ ਹੈ । ਜਦੋਂ ਤਕ ਮੰਗਾਂ ਉਹੀ ਹਨ, ਐਜੀਟੇਸ਼ਨ ਖਾੜਕੂ ਹੈ, ਸਭ ਅੱਛਾ ਹੈ ।

ਅੱਜ ਵੀ ਪੰਜਾਬ ਦੀਆਂ ਇਹਨਾਂ ਕਿਸਾਨੀ ਤੈਹਾਂ ਵਿਚ ਆਰਥਕ ਮੰਗਾਂ ਲਈ ਉਠੀਆਂ ਇਸ ਦੀਆਂ ਲਹਿਰਾਂ ਦਾ ਅਜਿਹਾ ਹੀ ਚਰਿਤਰ ਬਰਕਰਾਰ ਹੈ । ਪੰਜਾਬ ਦੀ ਕਿਸਾਨੀ ਦੇ ਇਤਿਹਾਸ ਦਾ ਇਹ ਮਹੱਤਵਪੂਰਨ ਸਬਕ ਹੈ । ਅੱਜ ਵੀ ਜੇਕਰ ਨਰਮੇ ਦੇ ਉੱਚੇ ਭਾਆਂ, ਤੇਲ-ਬਿਜਲੀ ਦੇ ਸਸਤੇ ਭਾਆਂ ਤੇ ਪ੍ਰਾਪਤੀ ਲਈ ਲੜੀ ਜਾਣ ਵਾਲੀ ਕਿਸਾਨੀ ਦੀ ਮਿਲੀਟੈਂਟ ਐਜੀਟੇਸ਼ਨ ਨੂੰ ਜੇਕਰ ਕਿਸੇ ਨਕਸਲਾਈਟ ਗਰੁੱਪ ਦੇ ਕਾਰਕੁਨ ਵੀ ਲੀਡਰਸ਼ਿਪ ਦੇਣ ਤਾਂ ਇਸ ਕਿਸਾਨੀ ਨੂੰ ਕੋਈ ਫ਼ਰਕ ਨਹੀਂ ਪੈਂਦਾ ਤੇ ਇਹ ਸਰਕਾਰ 'ਤੇ ਦਬਾਅ ਪਾਉਣ ਲਈ ਮੈਦਾਨ ਵਿਚ ਨਿੱਤਰ ਆਉਂਦੀ ਹੈ । ਇਸ ਨੇ ਅਜਿਹੀ ਲੀਡਰਸ਼ਿਪ ਦੀ ਵਿਚਾਰਧਾਰਾ ਤੋਂ ਥੋੜ੍ਹਾ ਪਰਭਾਵਤ ਹੋਣਾ ਹੁੰਦਾ ਹੈ ! ਇਸ ਨੇ ਮੰਨਵਾਉਣੀਆਂ ਹੁੰਦੀਆਂ ਹਨ ਆਪਣੀਆਂ ਆਰਥਕ ਮੰਗਾਂ । ਜੇਕਰ ਕਮਿਊਨਿਸਟ ਅੱਗੇ ਹੋ ਕੇ ਮੰਨਵਾ ਦੇਣ ਤਾਂ ਵਾਹ ਭਲੀ । ਅਜਿਹੀ ਲਹਿਰ ਦੀ ਅਗਵਾਈ ਵਿਚੋਂ ਕਮਿਊਨਿਸਟਾਂ ਨੂੰ ਇੱਕਾ-ਦੁੱਕਾ ਕਨਟੈਕਟ ਤਾਂ ਭਾਵੇਂ ਲੱਭ ਜਾਣ ਪਰ ਜਨਤਕ ਆਧਾਰ (mass base) ਇੰਜ ਕਦੇ ਪਰਾਪਤ



ਨਹੀਂ ਹੁੰਦਾ ।

ਪੰਜਾਬ ਵਿਚ ਕਮਿਊਨਿਸਟਾਂ ਦੇ ਸਥਾਈ ਜਨਤਕ ਆਧਾਰ ਦੇ ਨਾ ਪਰਾਪਤ ਕਰ ਸੱਕਣ ਦਾ ਕਾਰਨ ਉਪਰ ਜ਼ਿਕਰ ਕੀਤੇ ਚਰਿਤਰ ਵਾਲੀ ਕਿਸਾਨੀ ਦੀ ਲਹਿਰ ਹੈ । ਇੰਜ ਪੰਜਾਬ ਵਿਚ ਖੱਬੇ-ਪੱਖੀ ਲਹਿਰ ਸੀਮਤ ਰਹੀ ਤੇ ਸਮਾਜੀ ਤੌਰ 'ਤੇ ਮਹੱਤਵਪੂਰਣ ਸਾਬਤ ਨਾ ਹੋ ਸਕੀ । ਸਰਕਾਰ ਇਸ ਨੂੰ ਸੰਕਟ-ਕਾਲੀਨ ਸਮੇਂ ਮਸਲੇ ਖੜੇ ਕਰ ਕੇ ਖਾਹ-ਮਖ਼ਾਹ ਤੰਗ (embarras) ਕਰਨ ਵਾਲੀ ਜਥੇਬੰਦੀ ਹੀ ਸਮਝਦੀ ਸੀ । ਇਨਕਲਾਬ ਲਿਆਉਣ ਦੀ ਗੱਲ ਤਾਂ ਦੂਰ ਦੀ ਰਹੀ! ਹਾਲਾਂਕਿ ਸਿਆਸੀ ਕਾਰਕੁਨਾਂ ਨੂੰ ਅਜਿਹੀਆਂ ਲਹਿਰਾਂ ਦੇ ਦੌਰਾਨ ਇਨਕਲਾਬ ਦੇ ਨੇੜੇ ਹੋ ਜਾਣ ਦਾ ਵਿਸ਼ਵਾਸ ਜ਼ਰੂਰ ਹੁੰਦਾ ਰਿਹਾ । ਜੇਕਰ ਕਿਸਾਨੀ ਦੀਆਂ ਇਹੀ ਤੈਹਾਂ ਅੱਜ ਵੀ ਸਾਰੇ ਖੱਬੇ-ਪੱਖੀ ਗਰੁੱਪਾਂ ਦੇ ਧਿਆਨ ਤੇ ਜਥੇਬੰਦਕ ਯਤਨਾਂ ਦਾ ਕੇਂਦਰ ਹਨ ਤਾਂ ਅਜਿਹਾ ਇਥੋਂ ਦੇ ਸਿਆਸੀ ਗਰੁੱਪਾਂ ਦੀ ਇਤਿਹਾਸਕ ਪਿੱਠ-ਭੂਮੀ ਕਾਰਨ ਹੀ ਹੈ । ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਗਰੁੱਪਾਂ ਨੇ ਕਦੇ ਵੀ ਕਿਸਾਨੀ ਦੀਆਂ ਸਮੱਸਿਆਵਾਂ ਤੇ ਲਹਿਰਾਂ ਦਾ ਕੋਈ ਠੋਸ ਅਧਿਐਨ ਨਹੀਂ ਕੀਤਾ, ਪਰ ਤਾਂ ਵੀ ਕਿਸਾਨੀ ਵਲ ਆਪਣੇ ਅਮੋੜ ਝੁਕਾਅ (orientation) ਨੂੰ ਕਾਇਮ ਰੱਖਿਆ ਹੈ, ਤੇ ਖੇਤ-ਮਜ਼ਦੂਰਾਂ ਦੇ ਮਸਲਿਆਂ ਵਿਚ ਕੇਵਲ ਵੋਟਾਂ ਲੈਣ ਦੇ ਦ੍ਰਿਸ਼ਟੀਕੋਣ ਤੋਂ ਹੀ ਦਿਲਚਸਪੀ ਦਿਖਾਈ ਹੈ । ਇਸ ਇਤਿਹਾਸਕ ਪਿੱਠ-ਭੂਮੀ ਵਾਲੀ ਖੱਬੀ ਲਹਿਰ ਦਾ ਹਰੀਜਨਾਂ ਨੂੰ ਵਿਚਾਰਧਾਰਕ ਤੌਰ 'ਤੇ ਆਪਣੇ ਵਲ ਜਿੱਤਣ ਤੇ ਜਥੇਬੰਦ ਕਰਨ ਤੋਂ ਝਿਜਕਣਾ ਸਮਝ ਆਉਣ ਵਾਲੀ ਗੱਲ ਹੈ, ਪਰ ਅੱਜ ਹਾਲਾਤ ਉਨ੍ਹਾਂ ਨੂੰ ਦਿਨੋ ਦਿਨ ਅਜਿਹਾ ਮੋੜ ਕੱਟਣ ਲਈ ਮਜਬੂਰ ਕਰ ਰਹੇ ਹਨ । (ਚਲਦਾ)

## ⊙ ਗੁਰਬਾਣੀ ਦਾ ਸੱਚ

ਪ੍ਰੋ: ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ, ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ । ਸਫ਼ੇ 200, ਸੁੰਦਰ ਦਿੱਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ—ਮੁਲ : ਪੰਦਰਾਂ ਰੁਪੈ, ਪੇਪਰ ਬੈਕ—ਮੁਲ : ਦਸ ਰੁਪੈ ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ ਡਾਲਰ)

## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ
(1976 ਅਤੇ 1977 ਦੇ ਸਾਲਾਂ ਦੀਆਂ)

ਪਾਠਕਾਂ ਦੀ ਚਿਰੋਕਨੀ ਮੰਗ ਨੂੰ ਪੂਰਿਆਂ ਕਰਨ ਲਈ ਸੇਧ ਦੀਆਂ 1976 ਅਤੇ 1977 ਦੇ ਸਾਲਾਂ ਦੀਆਂ ਕੋਈ ਦੋ ਕੁ ਦਰਜਨ ਫਾਈਲਾਂ ਹੋਰ ਤਿਆਰ ਕਰਵਾਈਆਂ ਗਈਆਂ ਹਨ । ਖ਼ਾਹਸ਼ਮੰਦ ਸੱਜਣ ਮਨੀਆਰਡਰ ਰਾਹੀਂ ਰਕਮ ਭੇਜ ਕੇ ਇਹ ਫਾਈਲਾਂ ਪ੍ਰਾਪਤ ਕਰ ਸਕਦੇ ਹਨ ।

ਕੀਮਤ ਫ਼ੀ ਫਾਈਲ : ਪੰਦਰਾਂ ਰੁਪੈ (ਡਾਕ ਖ਼ਰਚ ਸਾਡਾ ਹੋਵੇਗਾ)

ਸੁਰਜੀਤ ਗਿੱਲ

## ਸਿੱਖ, ਨਿਰੰਕਾਰੀ ਝੱਗੜੇ ਦਾ ਤਬਕਾਤੀ ਪਹਿਲੂ

ਸਿੱਖ ਨਿਰੰਕਾਰੀ ਝਗੜੇ ਬਾਰੇ ਲਿਖਦਿਆਂ ਕਿਰਪਾਲ ਸਿੰਘ ਆਜ਼ਾਦ ਹੁਰਾਂ ਨੇ ਗੱਲ ਕਾਫੀ ਡੂੰਘਾਈ ਤੱਕ ਘੋਖੀ ਸੀ (ਸੇਧ, ਅਗਸਤ 78) ਪਰੰਤੂ ਉਹ ਗੱਲ ਅਧੂਰੀ ਛੱਡ ਗਏ। ਮਾਰਕਸ-ਵਾਦੀ ਵਿਗਿਆਨ ਹਰ ਇਕ ਵਿਵਾਦ ਨੂੰ ਤਬਕਾਤੀ ਪੱਖਾਂ ਤੇ ਉਹਨਾਂ ਦੇ ਟਕਰਾਉਂਦੇ ਆਰਥਕ ਹਿੱਤਾਂ ਨੂੰ ਸਾਹਮਣੇ ਰਖ ਕੇ ਘੋਖਣ ਦਾ ਰਾਹ ਦਸਦਾ ਹੈ। ਇਸ ਪੱਖ ਤੋਂ ਕਿਰਪਾਲ ਸਿੰਘ ਆਜ਼ਾਦ ਹੁਰਾਂ ਨੇ ਗੱਦੀਦਾਰੀ ਦੇ ਆਰਥਕ ਹਿੱਤਾਂ ਦੇ ਟਕਰਾ ਦੀ ਗੱਲ ਤਾਂ ਕੀਤੀ ਪਰ ਤਬਕਾਤੀ ਨਿਰਣਾ ਕਰਨੋਂ ਸੰਕੋਚ ਕਰ ਗਏ।

ਇਤਿਹਾਸ ਗਵਾਹ ਹੈ ਕਿ ਭੂਤ ਵਿਚ ਵੱਡੇ ਵਡੇ ਧਾਰਮਕ ਯੁੱਧਾਂ ਦੇ ਨਾਂ ਥਲੇ ਹਕੀਕਤ ਵਿਚ ਆਰਥਕ ਤੇ ਤਬਕਾਤੀ ਸੰਘਰਸ਼ ਲੜੇ ਗਏ ਹਨ। ਹੁਣ ਵਾਲਾ ਸਿੱਖ, ਨਿਰੰਕਾਰੀ ਝਗੜਾ ਵੀ ਹਕੀਕਤ ਵਿਚ ਆਰਥਕ ਹਿੱਤਾਂ ਦੀ ਰਾਖੀ ਲਈ ਤਬਕਾਤੀ ਸੰਘਰਸ਼ ਹੈ। ਪੰਜਾਬ ਭਾਰਤ ਦਾ ਖ਼ੁਸ਼ਹਾਲ ਸੂਬਾ ਹੈ। ਇਸ ਨੇ ਪਿਛਲੇ ਸਮੇਂ ਵਿਚ ਨਵੀਨ ਮਸ਼ੀਨੀ ਢੰਗ ਵਰਤ ਕੇ ਕੱਚੇ ਮਾਲ ਦੀ ਉਪਜ ਵਿਚ ਭਾਰੀ ਵਾਧਾ ਕੀਤਾ ਹੈ। ਇਸ ਵਿਕਾਸ ਵਿਚ ਸਿੱਖ ਕਾਸ਼ਤਕਾਰ ਤੇ ਸਿੱਖ ਕਾਰੀਗਰ ਦਾ ਅਹਿਮ ਹਿੱਸਾ ਹੈ। ਇਸ ਵਿਕਾਸ ਦੀਆਂ ਵਿਤੀ-ਪਰਾਪਤੀਆਂ ਵੀ ਇਹਨਾਂ ਤਬਕਿਆਂ ਨੇ ਵੱਧ ਮਾਣੀਆਂ ਹਨ। ਜਦੋਂ ਕੱਚੇ ਮਾਲ ਦੀ ਉਪਜ ਵਧਦੀ ਹੈ ਅਤੇ ਮਸ਼ੀਨੀ-ਕਰਨ ਦਾ ਵਿਕਾਸ ਹੁੰਦਾ ਹੈ, ਉਸ ਸਮੇਂ ਮੰਡੀ ਦਾ ਵੀ ਵਿਕਾਸ ਹੁੰਦਾ ਹੈ। ਪੰਜਾਬ ਦਾ ਸ਼ਹਿਰੀ ਬਿਉਪਾਰੀ ਤਬਕਾ ਭਾਰਤ ਦੇ ਅਜਾਰੇਦਾਰ ਘਰਾਣਿਆਂ ਦਾ ਏਜੰਟ ਜਾਂ ਦਲਾਲ ਹੈ। ਪੰਜਾਬ ਦੀਆਂ ਮੰਡੀਆਂ ਉਤੇ ਵੀ ਪੰਜਾਬੀ ਬਿਉਪਾਰੀ ਦੀ ਥਾਂ ਮਾਰਵਾੜੀ ਸਰਮਾਏਦਾਰੀ ਦਾ ਗ਼ਲਬਾ ਹੈ। ਪੰਜਾਬੀ ਬਿਉਪਾਰੀ ਕੇਵਲ ਕਮਿਸ਼ਨ ਏਜੰਟ ਹੈ। ਅਨਾਜ ਤੇ ਕਪਾਹ ਵਡੇ ਬਿਉਪਾਰੀਆਂ ਲਈ ਖ਼ਰੀਦਦਾ ਹੈ। ਇਸੇ ਲਈ ਆਪਣੀ ਹੋਣੀ ਨੂੰ ਪੰਜਾਬ ਤੋਂ ਬਾਹਰ ਬੈਠੇ ਅਜਾਰੇਦਾਰਾਂ ਤੇ ਸਰਮਾਏਦਾਰਾਂ ਨਾਲ ਇਕ-ਮਿਕ ਸਮਝਦਾ ਹੈ। ਉਹਦੀਆਂ ਵਫ਼ਾਦਾਰੀਆਂ ਸਦਾ ਪੰਜਾਬ ਤੋਂ ਬਾਹਰ ਦਿੱਲੀ ਤੇ ਹੋਰਨੀਂ ਥਾਵੀਂ ਰਹੀਆਂ ਹਨ। ਰਾਜਸੀ ਤੌਰ 'ਤੇ ਵੀ ਦਿੱਲੀ ਉਤੇ ਕਾਬਜ਼ ਰਾਜਸੀ ਪਾਰਟੀ ਦੇ ਵੱਧ ਨੇੜੇ ਰਿਹਾ ਹੈ। ਉਹਦੇ ਆਰਥਕ ਹਿੱਤਾਂ ਦੀ ਇਹੋ ਲੋੜ ਹੈ।

ਸਨਅਤੀਕਰਨ ਦੇ ਵਿਕਾਸ ਤੇ ਮੰਡੀ ਦੇ ਪਸਾਰੇ ਨਾਲ ਜਗੀਰਦਾਰ ਤੋਂ ਬਣ ਰਿਹਾ ਸਿੱਖ ਸਰਮਾਏਦਾਰ ਤੇ ਕਾਰੀਗਰ ਤੋਂ ਬਣ ਰਿਹਾ ਸਿੱਖ ਸਨਅਤਕਾਰ ਵੀ ਵਿਕਾਸ ਦਾ ਇੱਛਕ ਹੈ। ਉਹ ਹੋ ਰਹੇ ਵਿਕਾਸ ਨੂੰ ਆਪਣੇ ਹਿੱਤ ਵਿਚ ਵਰਤਣ ਲਈ ਸਰਗਰਮ ਹੈ। ਉਹ ਆਪਣੇ ਇਹਨਾਂ ਤਬਕਾਤੀ ਹਿੱਤਾਂ ਦੀ ਰਾਖੀ ਲਈ ਆਪਣੀ ਰਾਜਸੀ ਪਾਰਟੀ ਨੂੰ ਪੂਰੀ ਤਰ੍ਹਾਂ ਵਰਤਦਾ ਹੈ। ਪੰਜਾਬੀ ਸੂਬੇ ਦੀ ਮੌਜੂਦਾ ਹੱਦਬੰਦੀ ਵੀ ਇਸੇ ਤਬਕਾਤੀ ਸੋਚ ਦਾ ਮੰਤਕੀ ਸਿੱਟਾ ਹੈ। ਪੰਜਾਬੀ ਬੋਲਦੇ ਹਿੰਦੂ ਆਬਾਦੀ ਦੇ ਇਲਾਕੇ (ਕਾਂਗੜਾ ਆਦਿ) ਜਾਣ ਬੁਝ ਕੇ ਪੰਜਾਬੀ ਸੂਬੇ ਤੋਂ ਬਾਹਰ ਰਖੇ ਗਏ। ਸਿੱਖ ਬਹੁ-ਸੰਮਤੀ ਵਾਲਾ ਇਲਾਕਾ ਜਾਣ ਬੁਝ ਕੇ ਤਰਾਸ਼ਿਆ ਗਿਆ, ਜਿਸ ਵਿਚ ਰਾਜਸੀ ਸਰਦਾਰੀ ਸਿੱਖ ਸਰਮਾਏਦਾਰੀ ਦੀ ਰਹੇ। ਸਿੱਖ ਕਿਸਾਨੀ ਤੇ ਹੋਰ ਕਿਰਤੀ ਤਬਕੇ ਜਮਾਤੀ ਤੌਰ 'ਤੇ ਘੱਟ ਚੇਤਨ ਹੋਣ ਕਾਰਨ ਧਰਮ ਦੇ ਨਾਂ ਥਲੇ ਇਸ ਤਬਕੇ ਨੇ ਆਪਣੇ ਪਿਛੇ ਲਾਮਬੰਦ ਕੀਤੇ ਤੇ ਵਡੇ ਵਡੇ ਸਰਮਾਏਦਾਰਾਂ ਤੇ ਇਜਾਰੇਦਾਰਾਂ ਨਾਲ ਟਕਰਨ ਦਾ ਯਤਨ ਕੀਤਾ। ਇਕ ਦੋ ਵੇਰ ਸੂਬੇ ਅੰਦਰ



ਇਕ ਮਸਲਾ ਵੀ ਬਣਨ ਦਾ ਯਤਨ ਕੀਤਾ। ਜਦੋਂ ਕਦੇ ਵੀ ਅਜਿਹਾ ਹੋਇਆ ਤਾਂ ਵਡੇ ਇਜਾਰੇਦਾਰਾਂ ਨੂੰ ਆਪਣੀ ਮੰਡੀ ਖੁਸਣ ਤੇ ਦਲਾਲਾਂ ਨੂੰ ਦਲਾਲੀ ਖੁਸਣ ਦਾ ਡਰ ਭਾਸਿਆ। ਉਹਨਾਂ ਨੇ ਇਸ ਤਬਕਾਤੀ ਤੇ ਆਰਥਕ ਹਿੱਤਾਂ ਦੀ ਟਕਰ ਨੂੰ ਫਿਰਕੂ ਰੰਗਤ ਦੇਣ ਦਾ ਯਤਨ ਕੀਤਾ।

ਸਿੱਖਾਂ ਦੇ ਘਟ-ਗਿਣਤੀ ਫਿਰਕਾ ਹੋਣ ਤੇ ਇਸ ਦੀ ਰਾਜਸੀ ਪਾਰਟੀ ਦੇ ਵਕਾਰ ਵਿਚ ਵਾਧਾ ਹੋਣ ਦਾ ਮਤਲਬ ਉਠ ਰਹੀ ਸਿੱਖ ਸਰਮਾਏਦਾਰੀ ਦੇ ਵਕਾਰ ਵਿਚ ਵਾਧਾ ਹੋਣਾ ਤੇ ਪਰਾਪਤ ਰਾਜਸੀ ਅਧਿਕਾਰਾਂ ਦਾ ਤਬਕਾਤੀ ਹਿੱਤਾਂ ਲਈ ਵਰਤੇ ਜਾਣ ਦਾ ਖ਼ਤਰਾ ਖੜਾ ਹੁੰਦਾ ਹੈ। ਭਾਰਤ ਦੇ ਵਡੇ ਅਜਾਰੇਦਾਰ ਤੇ ਸਰਮਾਏਦਾਰ ਇਸ ਖ਼ਤਰੇ ਤੋਂ ਮੁੱਢ ਤੋਂ ਹੀ ਚੇਤਨ ਹਨ। ਉਹਨਾਂ ਨੇ ਸਮੇਂ ਸਮੇਂ ਇਸ ਖਤਰੇ ਦੇ ਟਾਕਰੇ ਲਈ ਵਖੋ ਵਖਰੇ ਦਾਅਪੇਚ ਵਰਤੇ ਹਨ। ਕਦੇ ਆਪਣੀ ਰਾਜਸੀ ਪਾਰਟੀ ਕਾਂਗਰਸ ਨੂੰ ਤਕੜਿਆਂ ਕਰਨ ਤੇ ਗੱਦੀ 'ਤੇ ਰਖਣ ਲਈ ਕਰੋੜਾਂ ਰੁਪੈ ਦਿਤੇ, ਕਦੇ ਹਿੰਦੂ ਫਿਰਕੂ ਪਾਰਟੀਆਂ ਤੇ ਪਰੈਸ ਨੂੰ ਕਰੋੜਾਂ ਰੁਪੈ ਦਿਤੇ ਤਾਕਿ ਉਹ ਫਿਰਕੂ ਜ਼ਹਿਰ ਫੈਲਾਈ ਰਖਣ ਤੇ ਉਹਨਾਂ ਦੇ ਤਬਕਾਤੀ ਹਿੱਤਾਂ ਦੀ ਰਾਖੀ ਕਰਦੇ ਰਹਿਣ। ਇਸ ਦੇ ਨਾਲ ਹੀ ਨਵੇਂ ਸੰਤ ਮਹੰਤ ਤੇ ਰਿਸ਼ੀ ਮੁੰਨੀ ਉਤਪੰਨ ਕਰ ਕੇ ਉਹਨਾਂ ਨੂੰ ਧਰਮ ਦੀ ਅਫ਼ੀਮ ਵੇਚਣ ਲਈ ਕਰੋੜਾਂ ਰੁਪੈ ਦਿੰਦੇ ਹਨ। ਜਿਹੜੇ ਦਿਨਾਂ ਵਿਚ ਹੀ ਆਲੀਸ਼ਾਨ ਭਵਨਾਂ ਤੇ ਮੋਟਰਾਂ ਕਾਰਾਂ ਦੇ ਮਾਲਕ ਬਣ ਕੇ ਆਪਣੇ ਅਸਲੀ ਭਗਤਾਂ (ਸਰਮਾਏਦਾਰਾਂ ਅਜਾਰੇਦਾਰਾਂ) ਨੂੰ ਤਾਰਦੇ ਤੇ ਉਹਨਾਂ ਦੇ ਹਿੱਤਾਂ ਨੂੰ ਸੁਰਖਿਅਤ ਕਰਦੇ ਹਨ।

'ਨਿਰੰਕਾਰੀ ਮਿਸ਼ਨ' ਦੀ ਉਤਪਤੀ ਤੇ ਵਿਕਾਸ ਨੂੰ ਵੀ ਇਸੇ ਗਿਣੀ ਮਿਥੀ ਸਾਜ਼ਿਸ਼ ਦੀ ਇਕ ਕੱੜੀ ਵਜੋਂ ਲੈਣਾ ਚਾਹੀਦਾ ਹੈ। ਇਹ ਕਹਿਣਾ ਮੁਸ਼ਕਲ ਹੈ ਕਿ ਭਾਰਤੀ ਅਜਾਰੇਦਾਰਾਂ ਤੇ ਨਿਰੰਕਾਰੀ ਮੁਖੀਆਂ ਵਿਚਾਲੇ ਸਾਂਝ ਦਾ ਮੁੱਢ ਕਦੋਂ ਬੱਝਿਆ। ਮਿਸ਼ਨ ਨੇ ਜਿੰਨੀ ਤੇਜ਼ੀ ਨਾਲ ਵਿਕਾਸ ਕੀਤਾ ਤੇ ਸ਼ਹਿਰ ਸ਼ਹਿਰ ਆਪਣੇ ਭਵਨ ਉਸਾਰੇ ਹਨ, ਉਹਨੂੰ ਮਿਸ਼ਨ ਦੇ 'ਗੁਰੂਆਂ' ਦੀ ਥਾਂ ਉਸ ਦੇ 'ਪਰਭੂਆਂ' ਦੀ ਕਰਾਮਾਤ ਸਮਝਣਾ ਚਾਹੀਦਾ ਹੈ। ਤਬਕਾਤੀ ਤੌਰ 'ਤੇ ਇਸ ਮਿਸ਼ਨ ਨੇ ਦੋ ਤਬਕੇ ਆਪਣੇ ਵਲ ਖਿੱਚੇ ਹਨ, ਜਿਹੜੇ ਕਿਸੇ ਸਮੇਂ ਸਿੱਖ ਧਰਮ ਤੇ ਅਕਾਲੀ ਸਿਆਸਤ ਦੇ ਗੂੜ੍ਹੇ ਪਰਭਾਵ ਹੇਠ ਰਹੇ ਹਨ। ਇਹ ਤਬਕੇ ਹਨ ਸ਼ਹਿਰਾਂ ਵਿਚ ਬੈਠੇ ਖਤਰੀ ਤੇ ਰੋੜ ਸਿੱਖ ਬਿਉਪਾਰੀ ਤੇ ਪਛੜੀਆਂ ਜਾਤੀਆਂ ਦੇ ਸਿੱਖ ਦਸਤਕਾਰ। ਇਹ ਦੋਨੋਂ ਤਬਕੇ ਕਾਫ਼ੀ ਚਿਰ ਦੋਗਲੀ ਤੋਰ ਤੁਰਦੇ ਰਹੇ। ਇਹ ਆਪਣੇ ਆਪ ਨੂੰ ਨਿਰੰਕਾਰੀ ਵੀ ਕਹਾਉਂਦੇ ਰਹੇ ਤੇ ਸਿੱਖੀ ਨਾਲੋਂ ਵੀ ਨਾ ਟੁਟੇ। ਬਲਕਿ ਰਾਜਨੀਤਕ ਤੌਰ 'ਤੇ ਅਕਾਲੀ ਪਾਰਟੀ ਮਗਰ ਖੜਦੇ ਰਹੇ। ਅਕਾਲੀ ਆਪ ਨਿਰੰਕਾਰੀ ਮੁਖੀਆਂ ਨੂੰ ਆਪਣੇ ਰਾਜਸੀ ਘੋਲ ਵਿਚ ਵਰਤਦੇ ਰਹੇ ਹਨ।

ਪਰੰਤੂ ਕੁਝ ਚਿਰ ਤੋਂ ਨਿਰੰਕਾਰੀ ਮਿਸ਼ਨ ਨੇ ਆਪਣੇ ਪਰਭਾਵ ਦੇ ਵਾਧੇ ਨਾਲ ਹੀ ਅਪਣਾ 'ਅਸਲੀ ਕਰਤੱਵ' ਨਿਭਾਉਣਾ ਸ਼ੁਰੂ ਕਰ ਦਿਤਾ। ਮਿਸ਼ਨ ਦੇ ਮੋਢੀਆਂ ਨੇ ਆਪਣੇ ਆਪ ਨੂੰ ਸਿੱਖੀ ਨਾਲੋਂ ਨਿਖੇੜਨਾ ਤੇ ਆਪਣੇ ਆਪ ਨੂੰ ਵਖਰੇ ਰੂਪ ਵਿਚ ਪੇਸ਼ ਕਰਨਾ ਜ਼ਰੂਰੀ ਸਮਝਿਆ। ਉਹਨਾਂ ਨੇ ਆਪਣੀਆਂ ਸਰਗਰਮੀਆਂ ਤੇਜ਼ ਤੇ ਸਿੱਖ ਧਰਮ ਨਾਲ ਟਕਰਾ ਤਿੱਖਾ ਕਰ ਦਿਤਾ। ਸਿੱਖ ਧਰਮ 'ਤੇ ਖੁਲ੍ਹੇ ਹਮਲੇ ਕਰ ਕੇ ਵਖਰੇਵਾਂ ਪਰਤੱਖ ਕਰਨਾ ਆਰੰਭ ਦਿਤਾ। ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਸੀ। ਇਹ ਕੁਝ ਇਸ ਮਿਸ਼ਨ ਲਈ ਕਰਨਾ ਲਾਜ਼ਮੀ ਸੀ। ਇਸੇ ਦਾ ਸਿੱਟਾ ਅੰਮ੍ਰਿਤਸਰ ਦੀ ਟਕਰ ਹੈ। ਪਰੰਤੂ ਇਹ ਕੁਝ, ਸਿੱਖਾਂ ਦੀ ਉਠ ਰਹੀ ਸਰਮਾਏਦਾਰੀ ਲਈ ਵੰਗਾਰ ਹੈ।

ਗੱਲ ਜਦੋਂ ਇਕ ਵੇਰ ਤੁਰ ਹੀ ਪਈ ਉਹ ਕਿਸੇ ਸਿੱਟੇ 'ਤੇ ਅਪੜੇ ਬਿਨਾਂ ਰਾਹ ਵਿਚ ਨਹੀਂ ਰੁਕ ਸਕਦੀ। ਅਜ ਇਕ ਪਾਸੇ ਸਿੱਖਾਂ ਦੀ ਉਠ ਰਹੀ ਸਰਮਾਏਦਾਰੀ ਤੇ ਉਹਦੀ ਰਾਜਸੀ ਪਾਰਟੀ

ਹੈ; ਦੂਜੇ ਪਾਸੇ ਦੇਸ਼ ਦੇ ਸਰਮਾਏਦਾਰ-ਅਜਾਰੇਦਾਰ ਤਬਕੇ ਦੀ ਹਾਕਮ ਪਾਰਟੀ ਤੇ ਉਹਦਾ ਸਮੁੱਚਾ ਪਰੈਸ ਹੈ। ਸਧਾਰਨ ਸਿੱਖ ਇਸ ਨੂੰ ਆਪਣੇ ਧਰਮ ਲਈ ਚੈਲੰਜ ਸਮਝਦਾ ਹੈ ਅਤੇ ਔਖਾ ਹੈ। ਉਠ ਰਹੀ ਸਿੱਖ ਸਰਮਾਏਦਾਰੀ ਤੇ ਉਹਦੀ ਰਾਜਸੀ ਪਾਰਟੀ ਦੁਬਿਧਾ ਵਿਚ ਫਸੀ ਹੋਈ ਹੈ। ਉਹ ਆਪਣੇ ਤਬਕਾਤੀ ਹਿੱਤ ਵੀ ਸੁਰਖਿਅਤ ਰਖਣਾ ਚਾਹੁੰਦੀ ਹੈ, ਸਾਧਾਰਨ ਸਿੱਖ ਨੂੰ ਅਪਣੇ ਨਾਲੋਂ ਟੁਟਣ ਵੀ ਨਹੀਂ ਦੇਣਾ ਚਾਹੁੰਦੀ, ਪਰ ਵੱਡੀ ਸਰਮਾਏਦਾਰੀ-ਅਜਾਰੇਦਾਰੀ ਤੇ ਉਹਦੀ ਹਾਕਮ ਪਾਰਟੀ ਨਾਲ ਟਕਰਨਾ ਵੀ ਨਹੀਂ ਚਾਹੁੰਦੀ।

ਉਠ ਰਹੀ ਸਿੱਖ ਸਰਮਾਏਦਾਰੀ ਦੇ ਟਾਕਰੇ 'ਤੇ ਨਿਰੰਕਾਰੀ ਮਿਸ਼ਨ ਨੂੰ ਖੜਾ ਕਰਨਾ ਭਾਰਤੀ ਅਜਾਰੇਦਾਰ ਸਰਮਾਏਦਾਰੀ ਦੀ ਆਪਣੇ ਤਬਕਾਤੀ ਹਿੱਤਾਂ ਦੀ ਰਾਖੀ ਲਈ ਚਲੀ ਚਾਲ ਦੀ ਸਫ਼ਲਤਾ ਦਾ ਸਿਖਰ ਹੈ। ਇਕ ਪਾਸੇ ਮਿਸ਼ਨ ਦੇ ਅਸਰ ਹੇਠ ਉਹ ਤਬਕੇ ਹਨ ਜਿਨ੍ਹਾਂ ਦੇ ਤਬਕਾਤੀ ਹਿੱਤ ਅਜਾਰੇਦਾਰ ਸਰਮਾਏਦਾਰੀ ਨਾਲ ਬੱਝੇ ਹੋਏ ਹਨ। ਪਰ ਉਹ ਪੰਜਾਬ ਦੀ ਸਿੱਖ ਸਿਆਸਤ ਦਾ ਅੰਗ ਰਹੇ ਹਨ। ਸਿੱਖਾਂ ਦਾ ਇਹਨਾਂ ਨਾਲ ਟਕਰਨਾ ਫਿਰਕੂ ਫਸਾਦਾਂ ਦਾ ਗੰਭੀਰ ਰੂਪ ਵੀ ਨਹੀਂ ਧਾਰ ਸਕਦਾ। ਇਸ ਦੇ ਨਾਲ ਹੀ ਅਕਾਲੀ ਸਿਆਸਤ ਲਈ ਵੰਗਾਰ ਉਹਦੇ ਆਪਣੇ ਅੰਦਰੋਂ ਹੀ ਖੜੀ ਕਰ ਦਿਤੀ ਗਈ ਹੈ, ਜਿਸ ਨੂੰ ਕਿਸੇ ਸਮੇਂ ਵੀ ਅਜਾਰੇਦਾਰ ਸਰਮਾਏਦਾਰੀ ਉਠ ਰਹੀ ਸਿੱਖ ਸਰਮਾਏਦਾਰੀ ਦੇ ਤਬਕਾਤੀ ਹਿੱਤਾਂ ਵਿਰੁਧ ਵਰਤ ਕੇ ਆਪਣੇ ਤਬਕਾਤੀ ਹਿੱਤਾਂ ਲਈ ਵਰਤ ਸਕਦੀ ਹੈ। ਇਹ ਵਿਰੋਧ antagonistic ਨਹੀਂ ਹੈ। ਦੂਜੇ ਪਾਸੇ ਸਿੱਖਾਂ ਦੀ ਉਠ ਰਹੀ ਸਰ-ਮਾਏਦਾਰੀ ਵੀ ਕੋਈ ਇਨਕਲਾਬੀ ਜਮਾਤ ਨਹੀਂ ਹੈ, ਜਿਹੜੀ ਕਿ ਕਿਸੇ ਕਿਸਮ ਦਾ ਸਿਰੜੀ ਸੰਘਰਸ਼ ਲੜ ਸਕੇ। ਇਸ ਲਈ ਇਹ ਨਿਉਂ ਕੇ ਸਮਝੌਤਾ ਕਰ ਜਾਵੇਗੀ।

ਇਸ ਸੰਘਰਸ਼ ਵਿਚੋਂ ਇਕ ਨਵਾਂ ਖ਼ਤਰਾ ਖੜਾ ਹੋ ਸਕਦਾ ਹੈ, ਜਿਸ ਦੇ ਬੀਜ ਪਹਿਲਾਂ ਹੀ ਮੌਜੂਦ ਹਨ। ਸਿੱਖਾਂ ਦੀ ਉਠ ਰਹੀ ਸਰਮਾਏਦਾਰੀ ਦਾ ਇਕ ਹਿੱਸਾ ਆਪਣੇ ਤਬਕਾਤੀ ਹਿੱਤਾਂ ਦੀ ਰਾਖੀ ਲਈ ਤੇ ਵਿਕਾਸ ਲਈ ਵਖਰੇ ਰਾਜ ਦੀ ਮੰਗ ਕਰਨ ਵਲ ਵਧ ਸਕਦਾ ਹੈ, ਇਸ ਲਈ ਸਾਧਾਰਨ ਸਿੱਖ ਦੇ ਧਰਮ ਦੇ ਨਾਂ 'ਤੇ ਗੁਮਰਾਹ ਹੋ ਜਾਣ ਦਾ ਖਦਸ਼ਾ ਹੈ। ਪਰੰਤੂ ਹਾਲੇ ਭਾਰੂ ਹਿੱਸਾ ਇਸ ਗੱਲ ਲਈ ਤਿਆਰ ਨਹੀਂ ਹੈ। ਉਹ ਭਾਰਤ ਦੀ ਅਜਾਰੇਦਾਰ-ਸਰਮਾਏਦਾਰੀ ਨਾਲ ਭਿਆਲੀ ਰੱਖਣ ਦੇ ਹੱਕ ਵਿਚ ਹੈ। ਇਸ ਲਈ ਇਹ ਖ਼ਤਰਾ ਗੰਭੀਰ ਤਾਂ ਨਹੀਂ ਪਰ ਜਮਹੂਰੀ ਤੇ ਖੱਬੀਆਂ ਸ਼ਕਤੀਆਂ ਤੋਂ ਚੌਕਸੀ ਦੀ ਮੰਗ ਜ਼ਰੂਰ ਕਰਦਾ ਹੈ।

ਨਿਰੰਕਾਰੀ ਮਿਸ਼ਨ ਦੇ ਧਾਰਮਿਕ ਪੱਖ ਤੋਂ ਬਿਨਾ ਇਸ ਦੇ ਵਿਤੀ ਪੱਖ ਨੂੰ ਘੋਖਣਾ ਇਸ ਬਾਰੇ ਕਾਫੀ ਕੁਝ ਸਪੱਸ਼ਟ ਕਰ ਦੇਵੇਗਾ। ਮਿਸ਼ਨ ਆਪਣੇ ਪੈਰੋਕਾਰਾਂ ਨੂੰ ਧਾਰਮਿਕ ਸਿਖਸ਼ਾ ਤੇ ਮਾਨਸਿਕ ਬਰਾਬਰੀ (ਇਕ ਦੂਜੇ ਦੇ ਪੈਰਾਂ ਨੂੰ ਹੱਥ ਲਾਉਣੇ ਆਦਿ) ਦੇਣ ਤੋਂ ਬਿਨਾਂ ਉਹਨਾਂ ਨਾਲ ਵਿਤੀ ਸਾਂਝ ਵੀ ਰਖਦਾ ਹੈ। ਮਿਸ਼ਨ ਦਾ ਬਾਕਾਇਦਾ ਬੈਂਕਿੰਗ ਸਿਸਟਮ ਹੈ, ਜਿਸ ਰਾਹੀਂ ਰਕਮਾਂ ਜਮ੍ਹਾਂ ਕਰਾਈਆਂ ਤੇ ਕਰਜ਼ ਲਿਆ ਜਾ ਸਕਦਾ ਹੈ। ਇਹ ਪਰਬੰਧ ਅਕਸਰ ਬਿਉਪਾਰੀ ਨਿਰੰਕਾਰੀਆਂ ਦੇ ਕਾਰੋਬਾਰ ਦੇ ਵਾਧੇ ਵਿਚ ਸਹਾਈ ਹੁੰਦਾ ਹੈ, ਜਿਸ ਨੂੰ ਉਹ "ਨਿਰੰਕਾਰ ਦੀ ਕਿਰਪਾ" ਦਸਦੇ ਹਨ। ਇਸ ਤਰ੍ਹਾਂ ਮਿਸ਼ਨ ਆਪਣੇ ਪੈਰੋਕਾਰਾਂ ਦੀਆਂ ਰੂਹਾਨੀ ਲੋੜਾਂ ਪੂਰੀਆਂ ਕਰਨ ਦੇ ਨਾਲ ਨਾਲ ਉਹਨਾਂ ਦੀਆਂ ਆਰਥਕ ਲੋੜਾਂ ਵੀ ਪੂਰਦਾ ਹੈ। ਇਸ ਤਰ੍ਹਾਂ ਸਾਧਾਰਨ ਵਿਅਕਤੀ ਦੂਹਰੇ ਬੰਧਨਾਂ ਵਿਚ ਮਿਸ਼ਨ ਨਾਲ ਜੁੜ ਜਾਂਦਾ ਹੈ।

—*—



ਗੁਰਦਿਆਲ ਸਿੰਘ ਦਾ ਨਾਵਲ "ਅਧ-ਚਾਨਣੀ ਰਾਤ"

ਕਿਸ਼ਨ ਸਿੰਘ

## "...ਤੈਨੂੰ ਟਕਰੂ ਬੰਸਰੀ ਆਲਾ"

ਸਮਾਜ ਵਿਚ ਸਰਬਤ ਦੀ ਸਾਂਝ, ਸਾਂਝੀਵਾਲਤਾ, ਹੀ ਬੰਦਿਆਂ ਦੀ ਆਜ਼ਾਦੀ ਦਾ, ਸਰਬਤ ਦੀ ਆਜ਼ਾਦੀ ਦਾ ਦੂਸਰਾ ਨਾਂ ਹੈ। ਸਰਬਤ ਦੀ ਸਾਂਝ ਵਿਚ ਹੀ ਸਰਬਤ ਆਜ਼ਾਦ ਹੁੰਦੇ ਹਨ ਅਤੇ ਉਹ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ' (ਗੁਰੂ ਤੇਗ਼ ਬਹਾਦਰ) ਦੀ ਦਸ਼ਾ ਵਿਚ ਜੀਉਂਦੇ ਹਨ। ਆਜ਼ਾਦੀ ਦੀ ਜ਼ਿੰਦਗੀ ਹੀ ਭੈ ਤੋਂ ਰਹਿਤ ਜ਼ਿੰਦਗੀ ਹੁੰਦੀ ਹੈ। ਸਮਾਜ ਵਿਚ ਜਮਾਤੀ ਅੰਗ ਦਾ, ਪੈਸੇ ਦੀ, ਜਾਇਦਾਦ ਦੀ ਸਰਦਾਰੀ ਦਾ ਖ਼ਾਸਾ ਹੈ ਕਿ ਉਹ ਬੰਦੇ ਦੀ ਆਜ਼ਾਦੀ ਦੀ ਦਸ਼ਾ ਨੂੰ ਖ਼ਤਮ ਕਰਦੀ ਹੈ, ਬੰਦਿਆਂ ਦੀ ਆਪਸ ਵਿਚ ਸਾਂਝ ਦਾ ਕੁਤਰਾ ਕਰਦੀ ਹੈ, ਸਾਂਝ ਦੀ ਥਾਂ ਸਰੀਕੇ ਦੀ ਤੋਰ ਤੋਰਦੀ ਹੈ, ਇਕ ਨੂੰ ਦੂਸਰੇ ਦੇ ਵੈਰੀ ਬਣਨ ਦੇ ਰਾਹੇ ਪਾਉਂਦੀ ਹੈ।

ਗੁਲਾਮੀ ਬਦੀ ਦਾ ਦੂਸਰਾ ਨਾਂ ਹੈ। ਇਸ ਦੀ ਤੋਰੀ ਤੋਰ ਦਾ ਆਧਾਰ ਜ਼ੋਰ ਹੈ। ਜ਼ੋਰ ਦੇ ਆਧਾਰ 'ਤੇ ਸਮਾਜ ਦੀ ਤੋਰ ਦਾ ਮਤਲਬ ਹੈ ਇਕਨਾਂ ਦਾ ਦੂਸਰਿਆਂ ਉਤੇ ਜ਼ੋਰ, ਉਹਨਾਂ 'ਤੇ ਧੌਂਸ। ਇਸ ਦੀ ਤੋਰੀ ਤੋਰ ਵਿਚ ਤੋਰਾ ਟਿੱਕਾ ਕਾਨੂੰਨ, ਜ਼ੋਰ ਦਾ, ਜ਼ੋਰ ਵਾਲਿਆਂ ਦਾ ਚਲਦਾ ਹੈ। "ਜਿਸੁ ਹਥਿ ਜ਼ੋਰੁ ਕਰਿ ਵੇਖੈ ਸੋਇ" (ਗੁਰੂ ਨਾਨਕ) ਪ੍ਰਵੇਸ਼ ਚੂੰਕਿ ਗੁਲਾਮੀ ਦਾ, ਬਦੀ ਦਾ ਹੁੰਦਾ ਹੈ, ਇਸ ਸਮਾਜ ਵਿਚ ਜਿਸ ਜ਼ੋਰ ਦੇ ਆਧਾਰ 'ਤੇ ਤੋਰ ਤੁਰਦੀ ਹੈ ਉਹ ਜ਼ੋਰ ਬਦੀ ਦਾ ਹੁੰਦਾ ਹੈ। ਜ਼ੋਰ ਚੂੰਕਿ ਬਦੀ ਦਾ ਹੁੰਦਾ ਹੈ, ਜ਼ੋਰ ਵਾਲੇ ਬੱਦ ਹੁੰਦੇ ਹਨ। ਸੋ ਇਸ ਸਮਾਜ ਵਿਚ ਜੋ ਉਪਰ ਆਉਂਦੇ ਹਨ ਬੱਦ ਹੁੰਦੇ ਹਨ। "ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ। ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ। ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਂਉ। ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹ ਨਿਆਉ। (ਗੁਰੂ ਅੰਗਦ) ' ਕਦਰ ਤਾਂ ਤਾਇਆ ਲੁੱਚੇ-ਲੰਡੇ ਦੀ ਐ ਅਜ-ਕਲ੍ਹ। 'ਲੰਡਾ-ਲੁੱਚਾ ਚੌਧਰੀ ਤੇ ਗੁੰਡੀ ਰੰਨ ਪਰਧਾਨ' ਆਲੀ ਗੱਲ ਹੋਈ ਪਈ ਐ ਹੁਣ ਤਾਂ।" ਜ਼ੋਰ ਵਾਲੇ ਬਦ ਹੁੰਦੇ ਹਨ, ਪਾਪ ਕਮਾਉਂਦੇ ਹਨ। ਜਾਇਦਾਦ ਦੀ ਸਰਦਾਰੀ ਵਾਲਾ ਚੂੰਕਿ ਬੰਦਿਆਂ ਦੀ ਗੁਲਾਮੀ ਦਾ ਸਮਾਜ ਹੁੰਦਾ ਹੈ ਤੇ ਗੁਲਾਮੀ ਬਦੀ ਦਾ ਦੂਸਰਾ ਨਾਂ ਹੈ, ਇਹ ਸਮਾਜ ਇਹ ਨਿਜ਼ਾਮ ਪਾਪੀ ਹੁੰਦਾ ਹੈ।

ਜਮਾਤੀ ਸਮਾਜ ਵਿਚ ਆਪਸ ਵਿਚ ਵੈਰ, ਆਪਸ ਵਿਚ ਵਿਰੋਧੀ ਜਮਾਤਾਂ ਤਕ ਹੀ ਮਹਿਦੂਦ ਨਹੀਂ ਹੁੰਦਾ, ਜਮਾਤਾਂ ਦੇ ਅੰਦਰ ਬੰਦਿਆਂ ਦਾ ਵੀ ਆਪਸ ਵਿਚ ਹੁੰਦਾ ਹੈ। ਫੀਊਡਲ ਸਮਾਜ ਵਿਚ ਫੀਊਡਲਾਂ ਦਾ ਆਪਸ ਵਿਚ ਸਰੀਕਾ ਹੁੰਦਾ ਹੈ। ਆਪਸ ਵਿਚ ਖੜਕਦੀ ਰਹਿੰਦੀ ਹੈ। ਸਰਮਾਏਦਾਰੀ ਵਿਚ ਹਰ ਸਰਮਾਇਆ, ਹਰ ਸਰਮਾਏਦਾਰ, ਹਰ ਦੂਸਰੇ ਦਾ ਸਰੀਕ ਹੁੰਦਾ ਹੈ। ਹਰ ਇਕ ਦਾ ਹਰ ਇਕ ਨਾਲ ਗਰਦਨ-ਤੋੜ ਮੁਕਾਬਲਾ ਹੁੰਦਾ ਹੈ। ਵੱਡੀਆਂ ਮੱਛੀਆਂ ਛੋਟੀਆਂ ਨੂੰ ਖਾਈ ਜਾਂਦੀਆਂ ਹਨ। ਵਰਕਰਾਂ ਵਾਲੇ ਪਾਸੇ ਵੀ, ਜਿੰਨਾਂ ਚਿਰ ਉਹ ਜਥੇਬੰਦ ਹੋ ਕੇ ਪਰੋਲਤਾਰੀ ਦੇ ਪੈਂਤੜੇ 'ਤੇ ਨਾ ਆਉਣ, ਕੰਮ ਲੈਣ ਵਾਸਤੇ ਹਰ ਵਰਕਰ, ਹਰ ਦੂਸਰੇ ਦਾ ਰਕੀਬ ਹੁੰਦਾ ਹੈ। ਬਰਜੁਆ ਸਮਾਜ ਦੀ ਡੋਰ ਆਪੋ-ਧਾਪੀ ਦੀ ਹੈ। ਇਹ ਠੀਕ ਹੈ ਕਿ ਲੋਕਾਂ ਦੇ ਖ਼ਿਲਾਫ਼ ਹਾਕਮ ਜਮਾਤ ਇਕੱਠੀ ਹੋ ਜਾਂਦੀ ਹੈ ਤੇ ਆਪਣੇ ਜਮਾਤੀ ਹਿੱਤ ਦੀ ਡੱਟ ਕੇ ਰਾਖੀ ਕਰਦੀ ਹੈ। ਆਪਣੇ ਹਰ ਤਰ੍ਹਾਂ ਦੇ ਜ਼ੋਰ ਨੂੰ ਲੋੜ ਅਨੁਸਾਰ ਖੁਲ੍ਹ ਕੇ ਵਰਤਦੀ ਹੈ। ਹਾਕਮ ਜਮਾਤ ਦੀ ਇਸ ਏਕਤਾ ਦਾ ਇਹ ਮਤਲਬ ਨਹੀਂ ਕਿ ਉਸ ਦੇ ਅੰਦਰਲੇ ਸਰੀਕੇ ਤੇ ਵੈਰ ਖ਼ਤਮ ਹੋ ਜਾਂਦੇ ਹਨ।

ਪੰਜਾਬ ਦੇ ਪਿੰਡ ਦੇ ਸੀਨ ਉਤੇ ਜਮਾਤੀ ਵਿਰੋਧ ਇਕ ਪਾਸੇ ਜ਼ਮੀਨ ਦੇ ਮਾਲਕਾਂ, ਜੱਟਾਂ ਦਾ, ਜੋ ਕਾਮੇਂ ਰਖਦੇ ਨੇ ਤੇ ਦੂਸਰੇ ਪਾਸੇ ਕਾਮਿਆਂ ਕੰਮੀਆਂ ਦਾ ਆਪਸ ਵਿਚ ਹੁੰਦਾ ਹੈ। ਜਦੋਂ ਖੇਤ-ਮਜ਼ਦੂਰਾਂ ਨਾਲ ਜਾਂ ਕੰਮੀਆਂ ਨਾਲ ਕੋਈ ਮਸਲਾ ਖੜਾ ਹੋ ਜਾਵੇ ਉਸ ਵੇਲੇ ਤਾਂ ਸਭ ਜੱਟਾਂ ਦੀ ਨਾਨੀ ਇਕੋ ਹੋ ਜਾਂਦੀ ਹੈ। ਪਰ ਜੱਟਾਂ ਦੀ ਆਪਸ ਵਿਚ ਵੀ ਖੜਕਦੀ ਰਹਿੰਦੀ ਹੈ। ਇਸ ਖੜਕਦੀ ਵਿਚ ਵੀ ਜੋ ਨਿਜ਼ਾਮ ਦਾ ਬੁਨਿਆਦੀ ਕਾਨੂੰਨ ਹੈ, ਉਸ ਦਾ ਹੀ ਪ੍ਰਵੇਸ਼ ਹੁੰਦਾ ਹੈ। ਸਕਤਿਆਂ ਦਾ ਹੀ ਸੱਤੀਂ ਵੀਂਹ ਸੌ ਚਲਦਾ ਆਉਂਦਾ ਹੈ। ਪਾਲੇ ਕਿਆਂ ਦੀ ਪਿੰਡ ਦਿਆਂ ਸਕਤਿਆਂ, ਘਣੇਂ ਕਿਆਂ ਨਾਲ ਉਲਝਣ ਪੈ ਗਈ। ਸਕਤਿਆਂ ਪਾਲੇ ਕਿਆਂ ਦੇ ਸਿਰ ਭਾਜੀ ਚੜ੍ਹਾ ਦਿਤੀ। ਪਾਲੇ ਨੇ ਇਹ ਸਹੇੜ ਆਪ ਨਹੀਂ ਸੀ ਸਹੇੜਿਆਂ। ਪਾਲਾ ਤਾਂ ਪੁਆੜੇ ਦੇ ਰਾਹ ਨਹੀਂ ਸੀ ਜਾਂਦਾ। ''ਪਾਲੇ ਅਰਗਾ ਬੰਦਾ ਕੋਈ ਘਰ-ਘਰ ਜੰਮਣੇਂ। ਐਸਾ ਕੂਨਾਂ, ਐਸਾ ਨਿੱਘਾ, ਮਿਠ ਬੋਲੜਾ। ਗੱਲ ਕਰਨੀ, ਜਾਣੀ ਦੀ ਮੂੰਹ 'ਚ ਬੋਲ ਹੀ ਨੀਂ।'' ਉਸ ਨੂੰ ਤਾਂ ਇਹਨਾਂ ਦਾ ਇਹ ਖੋਰ ਜਿਵੇਂ ਵਿਰਸੇ 'ਚ ਮਿਲਿਆ ਸੀ। ''ਇਹਨਾਂ ਨੇ ਐਸੇ ਬੰਦੇ ਨਾਲ ਧਰੋ ਕਮਾਇਆ।'' ''ਇਹਨਾਂ ਦਾ ਇਕ ਤਾਇਆ ਹੁੰਦਾ ਸੀ, ਇਹ ਹੁਣ ਆਲੇ ਨੰਬਰਦਾਰ ਦਾ ਨ੍ਹੀਂ, ਇਹਦੇ ਪਿਓ ਦਾ, ਓਸ ਸਾਲੇ ਢਿੱਡਲ ਅਰਜਨ ਦਾ, ਜੀਹਨੇ ਪਾਲੇ ਅਰਗੇ ਬੰਦੇ ਦਾ ਸੰਤਾਪ ਲਿਐ। ਉਹ ਬੁੜ੍ਹਾ ਜਾਂਦਾ ਰਿਹਾ ਨਾਨਕੀ-ਢੇਰੀ ਤੇ ਆਵਦੀ ਜ਼ਮੀਨ ਇਹਨਾਂ ਨੂੰ ਦੇ ਗਿਆ।' ਉਹ ਆਪ ਤਾਂ ਮਰ ਗਿਆ ਤੇ ਉਹਦੇ ਪੁੱਤਾਂ ਜਦੋਂ ਆਣ ਕੇ ਨੰਬਰਦਾਰ ਕਿਆਂ ਤੋਂ ਆਪਣੀ ਜ਼ਮੀਨ ਮੰਗੀ ਤਾਂ ਇਹਨਾਂ ਵੱਡਾ ਕੁਪੱਤ ਪਾਇਆ। 'ਮੋਦੇ ਦੇ ਸਕੇ ਬਾਬੇ' ਦੇ ਚਾਚੇ ਤਾਏ ਦੇ ਪੁਤ, ਸੌਣੇਂ ਨੇ ਪਹਿਲਾਂ ਪਰ੍ਹੇ 'ਚ ਚਾਲ੍ਹੀ-ਸੇਰੀ ਗੱਲ ਕਰ ਕੇ ਮੁੰਡਿਆਂ ਨੂੰ ਉਹਨਾਂ ਦੀ ਜ਼ਮੀਨ ਦਿਵਾਈ। ਮਗਰੋਂ ਨੰਬਰਦਾਰਕੇ ਘਰ ਦਾ ਝਗੜਾ ਪਾ ਬੈਠੇ। ਸੌਣੇਂ ਨੇ ਉਹ ਵੀ ਨਬੇੜਿਆ। ਜਿੰਨਾਂ ਚਿਰ ਮੁਕੱਦਮਾਂ ਚਲਦਾ ਰਿਹਾ ਉਹ ਮੁੰਡਾ ਸੌਣੇਂ ਕਿਆਂ ਦੇ ਘਰ ਰਿਹਾ। ਵੱਟ ਖਾ ਕੇ ਅਰਜਨ ਦੇ ਵੱਡੇ ਭਰਾ ਨੇ ਸੌਣੇਂ ਦੇ ਦਰ ਮੂਹਰੇ ਆ ਕੇ ਆਣ ਬੁਲਬੁਲ੍ਹੀਆਂ ਮਾਰੀਆਂ। ਲੜਾਈ ਹੋਈ। ਸੌਣੇਂ ਕੋਲੋਂ ਉਸ ਦੀ ਟੰਗ ਟੁਟ ਗਈ। ਫ਼ੈਸਲਾ ਤਾਂ ਹੋ ਗਿਆ ਪਰ ਨੰਬਰਦਾਰ ਕਿਆਂ ਦਿਲੋਂ ਉਸ ਗੱਲ ਦਾ ਖੋਰ ਨਾ ਗੁਆਇਆ। ਉਹਨਾਂ ਪਾਲੇ ਦਾ ਨੱਕ 'ਚ ਦੱਮ ਕਰ ਦਿੱਤਾ। ''ਬਾਈ ਮੈਨੂੰ ਇਹ ਵੱਸਣ ਨ੍ਹੀਂ ਦਿੰਦੇ, ਮੈਂ ਘਰ ਛੱਡ ਕੇ ਖੇਤ ਕੋਠਾ ਪਾਊਂ।'' ਉਹ ਅੰਦਰਲਾ ਘਰ ਛੱਡ ਕੇ ਬਾਹਰ ਜਾ ਵੱਸਿਆ ਪਰ ਇਹ 'ਮਗਰੇ ਗਏ।' ਆਪੇ ਇਹਨਾਂ ਉਹਦੇ ਘਰ ਮਾੜੇ ਬੰਦੇ ਘਲਤੇ, ਤੇ ਮਗਰੋਂ ਪੁਲਸ ਨੂੰ ਸੱਦ ਕੇ ਉਹਦੇ 'ਤੇ ਝੂਠਾ ਮੁਕੱਦਮਾਂ ਬਣਵਾ ਕੇ ਉਹਨੂੰ ਕੈਦ ਕਰਵਾ ਦਿੱਤਾ। ਉਹ ਕੈਦ ਕੱਟ ਕੇ ਆਇਆ। ਨਿਮੋਸ਼ੀ ਦਾ ਮਾਰਿਆ ਅੰਦਰੋਂ ਨਾ ਨਿਕਲਿਆਂ। ਚਲ ਬਸਿਆ। 'ਓਸ ਸਾਧੂ ਬੰਦੇ ਨੂੰ ਲੈ ਕੇ ਰਹੇ, ਸਾਲੇ ਰਾਕਸ਼।' ਨੰਬਰਦਾਰਕੇ ਭਾਜੀ ਤੇ ਭਾਜੀ ਚੜ੍ਹਾਉਂਦੇ ਆਏ। ਪਾਲੇ ਕਿਆਂ ਦੇ ਪੈਰਾਂ ਦੇ ਹੇਠ ਅੱਗ ਧਰਦੇ ਆਏ। ਪਾਲੇ ਵਿਚਾਰੇ ਕੋਲੋਂ ਤਾਂ ਕੋਈ ਸਰੀ ਨਾ। ਤੇ ਗੱਲ ਆ ਪਹੁੰਚੀ ਉਹਦੇ ਪੁੱਤਾਂ 'ਤੇ।

ਜਿੰਨਾ ਚਿਰ ਇਨਕਲਾਬੀ ਪੈਂਤੜਾ ਨਹੀਂ ਜਾਗਦਾ, ਸਮਾਜ ਵਿਚ ਜੋ ਵੀ ਹੁੰਦਾ ਹੈ ਹਾਕਮ ਜਮਾਤਾਂ ਦੇ ਹੱਕੀ ਹੀ ਜਾਂਦਾ ਹੈ। ਏਸੇ ਤਰ੍ਹਾਂ ਹੀ ਪਿੰਡ ਦੇ ਸਕਤਿਆਂ ਦਾ ਹੁੰਦਾ ਹੈ। ਘਣਾਂ ਮਰਦਾ ਹੈ ਤੇ ਉਸ ਦੇ ਪੁੱਤ ਉਸ ਦੀ ਮੌਤ 'ਚੋਂ ਵੀ ਖੱਟਦੇ ਹਨ। ਮੁਰੱਬੇਬੰਦੀ ਹੁੰਦੀ ਹੈ; ਉਸ ਵਿਚੋਂ ਵੀ ਉਹ ਬਹੁਤ ਚੰਗੀ ਮੱਲ ਮਾਰ ਜਾਂਦੇ ਨੇ ਤੇ ਮਗਰੋਂ ਟੀਊਬਵੈਲ ਲਵਾ ਕੇ ਉਹ ਖੱਟਦੇ ਹੀ ਖੱਟਦੇ ਹਨ। ਸਮਝਣ ਵਾਲਾ ਨੁਕਤਾ ਇਹ ਹੈ ਕਿ ਸਮਾਜ ਦੀਆਂ ਹਾਕਮ ਜਮਾਤਾਂ ਵਾਂਗ ਪਿੰਡ ਦੇ ਸਕਤਿਆਂ ਦੀ ਤਾਕਤ ਤੇ ਉਹਨਾਂ ਦਾ ਆਰਥਕ ਹਿੱਤ ਇਕੋ ਰਾਹੇ ਤੁਰਦੇ ਹਨ। ਸਮਾਜ ਦੀ



ਡਾਇਲੈਕਟਿਕ ਉਹਨਾਂ ਦੇ ਸਾਹਮਣੇ ਔਝੜ ਚੋਣ ਕਰਨ ਦੀ ਮਜਬੂਰੀ ਨਹੀਂ ਪਾਉਂਦੀ। ''ਤੇ ਹੋਣਹਾਰ ਹੋਣੀ ਸੀ, ਹੋ ਗਈ। ਘਣੇ ਦੇ ਮੁੰਡਿਆਂ ਨੇ, ਪਾਲੇ ਦੇ ਰਿਸ਼ਤੇਦਾਰਾਂ ਨਾਲ ਅੰਦਰ ਖਾਨੇ 'ਗਿਟ-ਪਿਟ' ਕਰ ਲਈ ਤੇ ਮੁਕਦਮੇ ਵਿਚ ਅਜੇਹੀ ਹੇਰਾ-ਫੇਰੀ ਕਰਾਈ ਕਿ ਵਰ੍ਹੇ ਪਿਛੋਂ ਜਦੋਂ ਮੁਕੱਦਮੇਂ ਦਾ ਫ਼ੈਸਲਾ ਹੋਇਆ ਤਾਂ ਲੋਕਾਂ ਮੂੰਹ 'ਚ ਉਂਗਲਾਂ ਪਾ ਲਈਆਂ। ਪਾਲੇ ਕੇ ਮੋਹਨ ਨੂੰ ਚੌਦਾਂ ਸਾਲ ਦੀ ਕੈਦ ਹੋਈ ਸੀ, ਫਾਹੇ ਨਹੀਂ ਸੀ ਲਗਿਆ। ਸੱਜਣ ਨੂੰ ਵਿਚੋਂ ਕਢਵਾ ਕੇ ਬਰੀ ਕਰਵਾ ਦਿਤਾ ਗਿਆ ਸੀ...ਬਾਈਸਿਆਂ, ਹੁਣ ਮੈਂ ਦੱਸਾਂ ਇਹ ਗੱਲ ਕਿਵੇਂ ਬਣੀਂ ਐਂ? ਇਹਨਾਂ ਨੇ ਹਰਕੁਰ ਦੇ ਭਰਾਵਾਂ ਨੂੰ ਸੱਦ ਕੇ ਉਹਨਾਂ ਨਾਲ ਗੁਝੀ ਲਿਖਤ-ਪੜ੍ਹਤ ਕੀਤੀ ਐ। ਹੁਣ ਮੁਰੱਬਾਬੰਦੀ 'ਚ ਇਹ ਲੈਣਗੇ ਇਹਨਾਂ ਦੀ ਅੱਧੀ ਜ਼ਮੀਨ। ਆਵਦੀ ਬਣ-ਜੂ ਪੰਜਾਂ ਉਤੇ ਸੌ ਘੁਮਾਂ ਤੇ ਪਾਲੇ ਦਿਆਂ ਤਿੰਨਾਂ ਕੋਲੇ ਰਹਿ-ਜੂ ਕੁਲ—ਪੰਦਰਾਂ—ਤੇ ਨਾਲੇ ਜਦੋਂ ਕੇਰਾਂ ਬੰਦੇ ਦਾ ਗੋਡੇ ਹੇਠ ਸਿਰ ਆ ਜੇ ਫੇਰ ਨ੍ਹੀਂ ਚਕ ਸਕਦਾ ਹੁੰਦਾ। ਹੁਣ ਪਾਲੇ ਦੇ ਮੁੰਡਿਆਂ 'ਚ ਕੀ ਰਹਿ—ਜੂ? ਇਹ ਹੁਣ ਹੈ ਕਿਸੇ ਪਾਸਿਉਂ ਸਿਰ ਚੱਕਣ ਜੋਗੇ? —ਕਦੇਂਤ ਨ੍ਹੀਂ! ਸਾਰੀ ਉਮਰ ਊਂ ਈ ਤਾਬ ਨ੍ਹੀਂ ਆ ਸਕਦੇ।''

ਤੇ ਅਜ ਹੋਰ, ਕਲ੍ਹ ਹੋਰ, ਸਾਰੇ ਪਿੰਡ ਦੇ ਬੱਚੇ-ਬੱਚੇ ਨੂੰ ਪਤਾ ਲਗ ਗਿਆ ਕਿ ਪਾਲੇ ਦੇ ਰਿਸ਼ਤੇਦਾਰਾਂ ਨੇ ਤੇ ਮੋਦਨ ਤੋਂ ਛੋਟੇ ਮੁੰਡੇ ਸੱਜਣ ਨੇ, ਘਣੇ ਦੇ ਮੁੰਡਿਆਂ ਨਾਲ ਕੋਈ ਗੱਲ ਜ਼ਰੂਰ ਗਿਣ-ਮਿਥ ਲਈ ਸੀ। ਤੇ ਹੋਰ ਚਹੁੰ ਦਿਨਾਂ ਪਿਛੋਂ ਇਹ ਪਰਤੱਖ ਵੀ ਹੋ ਗਈ। ਫੇਰ ਮੁਰੱਬਾਬੰਦੀ ਵੇਲੇ ਜਦੋਂ ਘਣੇਂ ਦੇ ਮੁੰਡਿਆਂ ਨੇ ਕੱਸੀ ਵਾਲੀ ਸ਼ਾਹਕਾਲੀ ਜ਼ਮੀਨ ਦਾ ਟੱਕ ਚੁਕਿਆ ਤਾਂ ਹੇਠਲੇ ਪਾਸੇ ਨਾਲ ਲਗਵਾਂ ਪਾਲੇ ਦੇ ਮੁੰਡਿਆਂ ਨੂੰ ਦੁਆ ਦਿੱਤਾ। ਉਹਨਾਂ ਵਾਲੀ ਮਾਰੂ ਦਾ ਚੁਆਨੀ ਮੁੱਲ ਪੁਆ ਕੇ ਉਹ ਭੋਹ ਦੇ ਭਾਅ ਆਪ ਲੈ ਲਈ ਤੇ ਲੋਕਾਂ ਦੀਆਂ ਅੱਖਾਂ ਪੂੰਝਣ ਲਈ ਉਥੇ ਵੀ ਸਤ ਕੁ ਘੁਮਾਂ ਦੀ ਇਕ ਤਿਰਕ ਪਾਲੇ ਦੇ ਮੁੰਡਿਆਂ ਨੂੰ ਹੋਰ ਦੁਆ ਦਿਤੀ। ਪਟਵਾਰੀ ਤੋਂ ਲੈ ਕੇ ਵੱਡੇ ਤਸੀਲਦਾਰ ਤਾਈਂ ਸਭ ਦੇ ਪੇਟ ਪੂਰੇ ਹੋਏ ਸਨ, ਸਭ ਕੁਝ, ਉਹਨਾਂ ਦੀ ਮਰਜ਼ੀ ਮੁਤਾਬਕ ਹੁੰਦਾ ਰਿਹਾ।.. ਕਿਉਂ ਕੋਈ ਸੁਣੇ ਭਾਈ?—ਜਿਸ ਦਾ ਦਿਤਾ ਖਾਮਣਾ, ਤਿਸ ਕਹੀਏ ਸਾਬਾਸ।'' ਸੱਥ ਦੀ ਦੰਦ-ਕਥਾ 'ਚ ਕਾਲੀ ਨੇ ਇਹ ਗੱਲ ਵੀ ਨਖੇਰੀ। ''ਪਟਵਾਰੀ ਤੜਕੇ ਉਠ ਕੇ ਅਣਘਾਲੇ, ਤੱਤੇ ਕੀਤੇ ਦੁਧ 'ਚ ਲੱਪ ਘਿਓ ਦੀ ਪਾ ਕੇ ਤਾਂ ਇਹਨਾਂ ਦੇ ਘਰੋਂ ਪੀ ਕੇ ਜਾਂਦਾ ਹੁੰਦਾ ਸੀ, ਤਸੀਲਦਾਰ ਦੀ ਘੋੜੀ ਇਹਨਾਂ ਦੀ ਖੁਰਲੀ' ਤੇ ਖੜੋ ਕੇ ਨਿਰੇ ਛੋਲੇ ਚਰਦੀ ਹੁੰਦੀ ਸੀ, ਕਾਨੂੰਗੋ ਆਥਣੇ ਬੋਤਲ ਤੇ ਮੁਰਗਾ ਇਹਨਾਂ ਦੇ ਦਰਵਾਜ਼ੇ 'ਚ ਬਹਿ ਕੇ ਡਕਦਾ ਹੁੰਦਾ ਸੀ—ਤੇ ਚੰਗੀ ਜ਼ਮੀਨ ਦੇ ਟੱਕ ਮਿਲਦੇ ਫੇਰ ਥੋਨੂੰ! ਕਿਉਂ ਬਈ ਤੁਸੀਂ ਵੱਡੀ ਮਾਂ ਦੇ ਪੁਤ ਸੀ?.. ਮੀਰਾਬਾਂ ਨੇ ਤੇ ਘਣੇਂ ਦੇ ਮੁੰਡਿਆਂ ਨੇ ਮਨ-ਮਰਜ਼ੀ ਕਰਵਾ ਲਈ...ਪਾਲੇ ਦੇ ਛੋਟੇ ਮੁੰਡੇ ਜੁਆਨ ਹੋ ਗਏ। ਉਹ ਵਿਆਹੇ ਵੀ ਗਏ। ਘਣੇਂ ਕਿਆਂ ਨੇ ਉਹਨਾਂ ਦੇ ਪੁਰਾਣੇ ਬਰਾਨੇ ਟਕ 'ਚ ਜਿਹੜਾ ਟਿਊਬਵੈਲ ਲਾਇਆ ਉਹਦੇ ਪਾਣੀ ਨਾਲ ਦੋ ਭਰਵੀਆਂ ਫ਼ਸਲਾਂ ਲੈ ਕੇ ਅੰਦਰਲਾ ਘਰ ਵੀ ਢਾਹ ਕੇ ਉਹਨਾਂ ਨਵਾਂ ਪਾ ਲਿਆ। ਘਣੇ ਦੇ ਮੁੰਡਿਆਂ ਨੇ ਲਾਲ ਰੰਗ ਦਾ ਟਰੈਕਟਰ ਲਿਆਂਦਾ, ਚਾਰ ਕੁ ਮਾਲਟਿਆਂ ਦੇ ਬੂਟੇ ਗੱਡ ਕੇ 'ਬਾਗ਼' ਲਾਇਆ ਤੇ ਉਹਦੇ ਬਹਾਨੇ ਪਾਣੀ ਦੂਣਾ-ਚੌਣਾਂ ਕਰਵਾ ਕੇ ਪਿੰਡ ਦੀ ਸਾਰੀ ਵਾਰੀ 'ਚ ਕਟੌਤੀ ਕਰਵਾ ਦਿੱਤੀ। ਮੀਰਾਬਾਂ ਨੇ ਵੀ ਉਹਨਾਂ ਨਾਲ ਰਲ-ਰਲਾ ਕੇ ਬਹੁਤ ਕੁਝ ਖੱਟ ਲਿਆ। ਹੁਣ, ਘਰੇ ਰੇਡੀਏ ਵਜਦੇ ਤੇ ਅਖੰਡ-ਪਾਠ ਹੁੰਦੇ ਰਹਿੰਦੇ ਸਨ। ਮੁੰਡੇ ਨਵੇਂ ਸਾਈਕਲਾਂ 'ਤੇ ਸ਼ਹਿਰ ਪੜ੍ਹਨ ਜਾਂਦੇ, ਘੁਟਵੀਆਂ ਸੁਥਨੀਆਂ ਪਾਉਂਦੇ ਤੇ ਟੂਟੀ ਵਾਲੀਆਂ ਪੱਗਾਂ ਬੰਨ੍ਹਦੇ ਸਨ। ਸਭ ਕੁਝ ਹੋਈ ਜਾ ਰਿਹਾ ਸੀ। ਤੇ ਦੰਦ-ਕਥਾ ਅਜੇ ਵੀ ਓਵੇਂ ਤੁਰਦੀ ਸੀ ਤੇ ਲੋਕ ''ਜਾਬੜਾਂ ਦਾ ਭੇੜ ਕਹਿ ਕੇ ਘਰੋਂ-ਘਰੀਂ ਤੁਰ ਜਾਂਦੇ ਸਨ।''

ਖੁਰਲੀ 'ਚ ਨਾ ਸਿਟੇ ਪਏ ਹੁੰਦੇ ਤਾਂ...। 'ਐਂ ਨ੍ਹੀਂ ਗੱਲ !'' ਲਾਲੂ ਨੇ ਸਿਰ ਮਾਰਿਆ। ਬੰਦਾ ਕੋਈ ਘਟ ਨ੍ਹੀਂ ਹੁੰਦਾ, ਭਰਾਵਾਂ 'ਚ ! ਪਰ ਕਈ ਲੰਮੀ ਸੋਚ ਜਾਂਦੇ ਐ, ਕਈ ਤੇਰੇ ਅਰਗੇ ਤੱਤੇ ਗਲ ਝਲਦੇ ਨ੍ਹੀਂ।'' ''ਲੰਮੀ ਸੋਚਣ ਆਲਿਆਂ ਨੂੰ ਦੁਨੀਆਂ ਟਿਕਣ ਨ੍ਹੀਂ ਨਾ ਦਿੰਦੀ।...ਨਾਲੇ ਲੋਕ ਸਮਝ ਲੈਂਦੇ ਐ ਬਈ ਇਹਦੇ 'ਚ ਤਾਂ ਊਂ ਈ ਕਣ ਨ੍ਹੀਂ—ਗੀਦੀ ਐ।'' ਗਿਆਲੇ ਨੇ ਉਬਲਦੀ ਚਾਹ ਦੀ ਪਤੀਲੀ ਧੂਈਂ ਕੋਲ ਰਖਦਿਆਂ, ਐਵੇਂ ਈ ਲੱਤ ਆ ਅੜਾਈ। ''ਉਇ ਬਈ ਇਹ ਤਾਂ ਠੀਕ ਐ, ਪਰ...। ਪਰ ਕੀ ? ਤੂੰ ਆਪ ਤਾਂ ਸਾਨੂੰ ਵੀਹ ਆਰੀਂ ਗੱਲ ਸੁਣਾਈ ਐ, ਉਹ ਗੁਰੂ ਗੋਬਿੰਦ ਸਿਉਂ ਆਲੀ।'' ਉਹੋ...। ਉਹ ਗੱਲ ਤਾਂ ਸਾਖੀਆਂ 'ਚ ਲਿਖੀ ਪਈ ਐ ਮੈਂ ਕੋਈ ਪੱਲਿਉਂ ਤਾਂ ਨ੍ਹੀ ਬਣਾਈ।'' 'ਅਸੀਂ ਕਿਹੜੀ ਪੱਲਿਉਂ ਬਣਾਈ ਕਹਿਨੇਂ ਐਂ, ਪਰ ਫੇਰ ਹੈ ਤਾਂ ਪੱਕ ਨਾ। ਜਿਹੜਾ ਬੰਦਾ ਤਾਇਆ, ਏਹੋ ਜਿਆਂ ਮੂਹਰੇ ਨਿਮੀ ਜਾਏ, ਨਿਮੀ ਜਾਏ ਏਹੋ ਜੇ ਫੇਰ ਹੋਰ ਉਤੇ ਚੜ੍ਹਦੇ ਆਉਂਦੇ ਐ।'' 'ਗੁਰੂ ਗੋਬਿੰਦ ਸਿਉਂ ਆਲੀ ਕਿਹੜੀ ਗੱਲ ਐ ਤਾਇਆ ? ਸ਼ੇਰੀ ਨੇ ਖਚਰੀ-ਅੱਖ ਮੋਦਨ ਵਲ ਝਾਕ ਕੇ ਪੁਛਿਆ। ਉਹੋ ਭੋਤਿਆ, ਅਗੇ ਕਿੰਨੇ ਆਰੀਂ ਤਾਂ ਸੁਣੀ ਐਂ ਤੁਸੀਂ—ਪਠਾਣ-ਆਲੀ ਜਤੋਂ ਗੁਰੂ ਸਾਹਬ ਨੰਦੇੜ ਗਏ ਐ, ਇਕ ਪਠਾਨ ਨਾਲ ਪਾਸਾ ਖੇਡਦੇ ਕਹਿੰਦੇ ਹੁੰਦੇ ਸੀ ਬਈ 'ਜਿਹੜਾ ਆਵਦੇ ਵਡਿਆਂ-ਵਡੇਰਿਆਂ ਦਾ ਬਦਲਾ ਨਾ ਲਵੇ ਉਹ ਬੰਦਾ ਕੋਈ ਬੰਦਾ ਹੁੰਦੈ ? ਫੇਰ ਓਸੇ ਪਠਾਨ ਨੇ ਉਹਨਾਂ 'ਤੇ ਵਾਰ ਕੀਤਾ ਸੀ।'' ਅੱਛਾ, ਹੱਛਾ !...ਸ਼ੇਰੀ ਨੇ ਸਿਰ ਹਿਲਾਇਆ, 'ਇਹ ਤਾਂ ਬਾਹਲੇ ਆਰੀਂ ਸੁਣੀ ਐ...ਤੇ ਗੱਲ ਫੇਰ, ਹੈ ਵੀ ਪਕੀ।'...ਲਾਲੂ ਮੋਦਨ ਦੀ ਇਸ ਖਰ੍ਹਵੀ ਵਾਜ 'ਤੇ ਇਉਂ ਚਾਨਚਕ ਉਠ ਕੇ ਤੁਰਨ ਉਤੇ ਜਿਵੇਂ ਭਵੰਤਰ ਗਿਆ ਤੇ ਉਹਦੇ ਮੂੰਹੋਂ ਕੋਈ ਗੱਲ ਨਹੀਂ ਨਿਕਲੀ। 'ਮੋਦਾ ਕਿਤੇ, ਕਿਸੇ ਗੱਲ ਦਾ ਵੱਟ ਤਾਂ ਨ੍ਹੀਂ ਖਾ ਗਿਆ ਮੁੰਡਿਓ ?'' ਲਾਲੂ ਨੇ ਉਹਨੂੰ ਖਿੜਕ ਲੰਘਦਿਆਂ ਵੇਖ ਕੇ, ਬੜੀ ਦਬਵੀਂ ਵਾਜ 'ਚ ਕਿਹਾ। 'ਲੈ' ਸ਼ੇਰੀ ਚੱਬ ਕੇ ਗੱਲ ਕਰਦਿਆਂ ਬੋਲਿਆ, 'ਐਹੋ-ਜਾ ਵੱਟ ਖਾਨ ਆਲਾ ਹੁੰਦਾ ਤਾਂ ਹੁਣ ਨੂੰ ਦੁਸ਼ਮਣਾਂ ਦੇ ਵਿਹੜੇ 'ਚ ਮਾਂਜਾ ਬਣ ਕੇ ਨਾ ਫਿਰਿਆ ਹੁੰਦਾ।...'' ਮੋਦਨ ਨੇ ਵਾੜੇ ਦੀ ਨਿੱਕੀ ਕੰਧ ਉਤੋਂ ਦੀ ਤਰਦੀ, ਸ਼ੇਰੀ ਦੀ ਵਾਜ ਸੁਣੀ ਤੇ ਉਹਦੇ ਪੈਰ ਥਿੜਕ ਗਏ।...''ਗੱਲ ਤੈਨੂੰ ਕਿਹੜੀ ਪਤਾ ਨ੍ਹੀਂ।'' ਰਤਾ ਤਾਅ 'ਚ ਆਉਂਦਿਆਂ ਮੋਦਨ ਨੇ ਕਿਹਾ, 'ਜਿਹੜਾ ਬੰਦਾ ਆਵਦੇ ਦੁਸ਼ਮਣ ਮੂਹਰੇ ਸਿਰ ਨੁਆ ਲੇ ਉਹ ਕਈ ਬੰਦਾ ਹੁੰਦੈ ?...ਭਲਿਆ, ਇਹੋ—ਜੇ ਬੇਅਣਖੇ-ਬੇਗੈਰਤੇ, ਚੰਦਰੇ ਬੰਦਿਆਂ ਦਾ ਤਾਂ ਤੜਕੇ ਮੱਥੇ ਲਗਣਾ ਵੀ ਮਾੜੇ ਜਿਹੜੇ ਆਵਦੇ ਦੁਸ਼ਮਣ ਨਾਲ ਅੱਖ ਰਲਾ ਲੈਣ। ਜੱਟ ਦਾ ਪੁਤ ਈ ਉਹ ਕੀ ਹੋਇਆ ਜੀਹਨੇ ਚਿਤੋਂ ਖੋਰ ਗੁਆ ਤਾ...ਨਿਤ ਨਿੱਤ ਜੰਮਣੈ ਕੋਈ ਦੁਨੀਆ 'ਤੇ।''...ਤੁਸੀਂ ਛੋਟਿਆ, ਆਪਣੇ ਦੁਸ਼ਮਣਾਂ ਨਾਲ ਇਉਂ ਸਿਰ-ਜੋੜ ਕੇ ਕੰਮ ਤਾਂ ਚੰਗਾ ਨਹੀਂ ਕੀਤਾ, ਪਰ ਹੱਛਾ ... ਪਛਤਾਂਓਗੇ ?'' ਮੋਦਨ ਨੇ ਇਕ ਦਿਨ ਉਹਨੂੰ ਮੋਹ ਭਿੱਜੇ ਬੋਲ ਨਾਲ ਜਿਵੇਂ ਚਿਤਾਵਣੀ ਦਿੱਤੀ''। 'ਪਰ ਮੋਦਿਆ, ਮੁੜ-ਮੁੜ ਜਨਮ ਤਾਂ ਨਹੀਂ ਲੈਣਾ ਜਗ ਤੇ—ਇਕੋ-ਵਾਰੀ ਜੰਮਣੈਂ ਤੇ ਇਕੋ ਵਾਰੀ ਮਰਨੈਂ ! ਫੇਰ ਬੰਦਾ ਮਰਦਾਂ ਆਂਗੂੰ ਮਰੇ। ਤੂੰ ਹੁਣ ਬਸ ਪਾਸੇ ਰਹੀਂ, ਮੈਂ ਆਪ ਸਮਝੂੰ ਮੇਰਿਆਂ ਪਤ੍ਰਿਉਰਿਆਂ ਨਾਲ ! ਐਂ ਤਾਂ ਸਾਈਂ ਲੋਕਾ, ਇਹ ਕਲ੍ਹ ਨੂੰ ਸਾਡੇ ਘਰ ਦੀਆਂ ਕੰਧਾਂ ਢੌਹਣਗੇ ਆ ਕੇ...ਵਢਖਾਣੇ ਊਠ ਨੂੰ ਪਹਿਲਾਂ ਈ ਛਿਕਲ੍ਹਾ ਪਾਇਆ ਚੰਗਾ, ਮਗਰੋਂ ਕੀ ਫੈਦਾ—ਜੇ ਲੱਤ ਈ ਫੜ-ਲੀ ਤਾਂ !'' ਘਣੇ ਕਿਆਂ ਨੇ ਉਹੋ ਅੜਿੱਕਾ ਪਾ ਲਿਆ ਸੀ ਜਿਸ ਦਾ ਡਰ ਸੀ। ਉਹਨਾਂ ਛੋਟੇ ਨੂੰ ਖੇਤ ਦਾ ਸਿੱਧਾ ਰਾਹ ਦੇਣੋਂ ਇਨਕਾਰ ਕਰ ਦਿਤਾ ਸੀ।... 'ਮੈਂ ਬਾਈ ਡਰਦੈਂ ! ਛੋਟਾ ਸਿਧੀ ਗੱਲ ਮੰਨ ਗਿਆ। ''ਸੋਚਦੈਂ ਬਈ ਜੇ ਪੰਗਾ ਛੇੜ ਬੈਠੇ ਫੇਰ



ਹਟਿਆਂ ਨ੍ਹੀਂ ਜਾਣਾ ਤੇ ਐਗੇ ਆਗੂੰ ਗੱਲ ਹੋਰ ਦੀ ਹੋਰ ਬਣ-ਜੂ।'' 'ਮੋਦਨ ਪਹਿਲਾਂ ਤਾਂ ਚੁਪ ਕਰ ਗਿਆ, ਪਰ ਫੇਰ ਭੜਕ ਪਿਆ। 'ਭਲਿਆ ਬੰਦਿਆ, ਐਂ ਤਾਂ ਕਲ੍ਹ ਨੂੰ ਉਹ ਆਪਣੀਆਂ ਤੀਵੀਆਂ ਨੂੰ ਨਿਆਈਆਂ 'ਚ ਬਾਹਰ ਜਾਣੋਂ ਵੀ ਹਟਾ ਦੇਣਗੇ।...ਅੰਦਰ ਵੜਿਆਂ ਨੂੰ ਕੋਈ ਕਿੰਨਾ-ਕੁ ਚਿਰ ਛਡ-ਦੂ ? ਨਾਲੇ ਜੱਟ ਦੇ ਪੁਤ ਨੂੰ ਐਨਾ ਗੀਦੀਪੁਣਾ ਕੀ ਆਖ। ਇਹ ਗੱਲ ਨ੍ਹੀਂ ਬਣਨੀ।''

ਸਕਤਿਆਂ ਦੀ ਧੌਂਸ ਕੀ ਹੈ ? ਉਹਨਾਂ ਦੀ ਹੇਠਲੇ ਪੱਲੇ ਵਾਲਿਆਂ 'ਤੇ ਗੁਲਾਮੀ ਦੀ ਛੱਟ। ਮੋਦਨ ਵਰਗਿਆਂ ਦਾ ਏਸ ਛੱਟ ਨੂੰ ਨਾ ਸਹਾਰਨਾ—ਅਣਖ ਤਾਂ ਹੈ, ਪਰ ਇਹ ਉਹਨਾਂ ਦੀ ਆਜ਼ਾਦੀ ਨਹੀਂ ਹੈ। ਆਜ਼ਾਦੀ ਤਾਂ ਅਖੰਡ ਹੈ। ਜਾਂ ਸਰਬਤ ਆਜ਼ਾਦ ਹਨ ਜਾਂ ਸਭ ਕੋਈ ਗੁਲਾਮ ਹੈ ਪੈਸੇ ਦਾ, ਜਾਇਦਾਦ ਦਾ। ਹੇਠਲੇ ਪੱਲੇ ਵਾਲਿਆਂ ਦੀ ਆਜ਼ਾਦੀ ਵੀ ਸਰਬਤ ਦੀ ਆਜ਼ਾਦੀ ਵਿਚ ਹੀ ਹੈ। ਉਸ ਤੋਂ ਉਰੇ ਨਹੀਂ ਹੈ। ਅਤੇ ਉਹ ਹੈ ਇਨਕਲਾਬ ਵਿਚ। ਸਮਾਜ ਵਿਚੋਂ ਪੈਸੇ ਦੀ, ਜਾਇਦਾਦ ਦੀ ਸਰਦਾਰੀ ਨੂੰ ਖ਼ਤਮ ਕਰਨ ਵਿਚ। ਮੋਦਨ ਵਰਗਿਆਂ ਦੀ ਅਣਖ ਸਕਤਿਆਂ ਦੀ ਉਹਨਾਂ ਉਤੇ ਪਾਈ ਦੀ ਗੁਲਾਮੀ ਦੀ ਛੱਟ ਦੇ ਖਿਲਾਫ਼ ਬਗਾਵਤ ਜ਼ਰੂਰ ਹੈ। ਹੈ ਤਾਂ ਇਹ ਬਗਾਵਤ ਜਾਇਦਾਦ ਦੀ ਸਰਦਾਰੀ ਦੇ ਦਾਇਰੇ ਦੇ ਅੰਦਰ ਅੰਦਰ ਹੀ, ਪਰ ਜੋ ਵੀ ਹੈ ਇਹ ਵੀ ਕੋਈ ਸੁਟ ਪਾਉਣ ਵਾਲੀ ਚੀਜ਼ ਨਹੀਂ। ਇਸ ਦਾ ਅਸਲਾ ਵੇਖਣਾ ਇਸ ਦੀਆਂ ਜੜ੍ਹਾਂ ਤਕ ਜਾਣਾ, ਇਸ ਦੀਆਂ ਸੰਭਾਵਨਾਵਾਂ ਵਲ ਨਜ਼ਰ ਮਾਰਨਾ ਬੇਲੋੜਾ ਨਹੀਂ। ਮੋਦਨ ਘਣੇ ਨੂੰ ਪਾਰ ਬੁਲਾਉਂਦਾ ਹੈ। ਸੱਥ ਵਿਚ ਗੱਲਾਂ ਤੁਰਦੀਆਂ ਨੇ। ''ਅਸ਼ਕੇ ਬਈ ਮਾਈ ਦੇ ਲਾਲ ਦੇ,'' ਰੁਲਦੂ ਨੇ ਆਪਣੀਆਂ ਮੁਛਾਂ ਨੂੰ ਵੱਟ ਦਿੰਦਿਆਂ ਕਿਹਾ, ''ਊਂ ਆਖਣ ਨੂੰ ਕੀ ਆਖਣੈਂ ਕੇਰਾਂ ਤਾਂ ਵਖਾ 'ਤਾ ਪੰਜੀ ਦਾ ਭੌਣ।'' ''ਕੀ ਪੰਜੀ ਦਾ ਭੌਣ ਵਖਾ'ਤ ਯਾਰ ?'' ਨਾਮ੍ਹਾਂ ਮੀਰਾਬ ਵਿੰਗਾ ਜਿਹਾ ਮੂੰਹ ਕਰ ਕੇ ਉਹਦੇ ਗਲ੍ਹ ਪੈ ਗਿਆ, ਪਰ੍ਹੇ 'ਚ ਬਹਿ ਕੇ ਗੱਲ ਤਾਂ ਚੱਜ ਦੀ ਕਰੀਏ, ਜੇ ਮੂੰਹ ਚੱਜ ਦਾ ਨਾ ਹੋਵੇ ਤਾਂ।'' ''ਲੈ ਸੁਣ ਲੈ ਬਈ ਤਾਇਆ ਕਾਨ੍ਹਿਆ ! ਸੁਣ-ਲੀ ਇਹਦੀ ਗੱਲ, ਵੱਡੇ ਮੀਰਾਬ ਸਾਬ੍ਹ ਦੀ ? ਰੁਲਦੂ ਨੇ ਇਕ ਵਿੰਗੜ ਖੁੰਢ 'ਤੇ ਬੈਠੇ, ਸੂਤ ਦੇ ਪਿੰਨੇ ਨੂੰ ਗੇੜੇ ਤੇ ਗੇੜਾ ਦੇਈ ਜਾਂਦੇ ਨਾਮ੍ਹੇ ਬੁੜ੍ਹੇ ਤੋਂ ਆਪਣੀ ਗਲ੍ਹ ਦਾ ਹੁੰਗਾਰਾ ਭਰਾਣ ਲਈ ਸਿਰ ਮਾਰਦਿਆਂ ਕਿਹਾ, ''ਲੈ ਭਲਾ ਬਈ ਉਹਨੇ ਆਵਦਾ ਬਦਲਾ ਲੈ ਕੇ ਕੀ ਮਾੜੀ ਗਲ ਕਰ'ਤੀ ? ਬਦਲਾ ਮਰਦ-ਬੱਚੇ ਲੈਂਦੇ ਆਏ। ਇਹ ਕੋਈ ਨਵੀਂ ਗੱਲ ਐ—ਹੈਂ ? ਤੂੰ ਸੋਚ ਕਮਲਿਆ ਉਹਨਾਂ ਨਾਲ ਇਹਨੇ ਥੋੜ੍ਹੀਆਂ ਕੀਤੀਆਂ ਸੀ ? ਮਾਰ ਐਂ ਵਚਾਰੇ ਫਾਲ੍ਹੇ ਆਂਗੂ ਤਪਾ ਛੱਡੇ ਸੀ...ਬਾਕੀ, ਵੇਖ, ਪਾਲੇ ਵਰਗਾ ਸਾਧ ਬੰਦਾ ਹੈ ਕੋਈ ਸਾਰੇ ਪਿੰਡ 'ਚ ? ਉਹਨੂੰ ਪਹਿਲਾਂ ਤਾਂ ਇਹਨਾਂ ਨੇ ਪਿੰਡੋਂ ਕਢ ਕੇ ਰੋਹੀ 'ਚ ਬਹਾਇਆ-ਬਹਾਇਆ ਕਿ ਨਾ, ਤੇਰੇ ਸਾਹਮਣੇ ? ਫੇਰ ਭਾਈ, ਤੇਰਾ ਸਾਬ੍ਹ ਭਲਾ ਕਰੇ, ਉਹਦੇ ਘਰੇ ਆਪੇ ਮਾੜੇ ਬੰਦੇ ਘੱਲੇ ਤੇ ਆਪੇ ਉਹਨੂੰ ਕੈਦ ਕਰਾਇਆ—ਐਨ ਜਮਾਂ ਨਜੇਜ। ਕਰਾਇਆ ਕਿ ਨਹੀਂ ਕਰਾਇਆ, ਦਸ ? ...ਅੱਛਾ, ਤੇ ਫੇਰ ਉਹ ਵਚਾਰਾ ਨਮੋਸ਼ੀ ਦਾ ਮਾਰਿਆ—ਕੁਸ਼ ਊਂ ਸਰੀਰ ਦਾ ਮਾੜਾ ਕਹਿ ਲੋ ਜੇਹਲੋਂ ਔਂਦਾ ਈ ਤੁਰ ਗਿਆ। ਓਹ ਬਾਈ ਸਿਆਂ ਕਿਸੇ ਹੋਰ ਨੇ ਮਾਰ'ਤਾ ? ਇਹੋ ਉਹਦੇ ਕਾਤਲ ਐ, ਇਹੋ ਸਾਮੇਂ...''ਉਇ ਬੈਠਾ ਰਹਿ ਉਇ ਟਿਕ ਕੇ।'' ਮੀਰਾਬ ਆਪਣੀਆਂ ਕਤਰੀਆਂ ਮੁਛਾਂ ਨੂੰ ਤਾਅ ਦਿੰਦਿਆਂ ਲਾਲ-ਸੂਹੇ ਡੇਲੇ ਕਢ ਕੇ ਜਦੋਂ ਬੋਲਿਆ, ਉਹਦੇ ਗੁਟ 'ਤੇ ਲਗੀ ਨਵੀਂ ਘੜੀ ਦੇ ਸ਼ੀਸ਼ੇ ਦਾ ਚਮਕਾਰਾ ਰੁਲਦੂ ਦੀਆਂ ਅੱਖਾਂ 'ਤੇ ਪਿਆ ਤਾਂ ਮੀਰਾਬ 'ਤੇ ਉਹਨੂੰ ਅੰਤਾਂ ਦਾ ਕ੍ਰੋਧ ਆਇਆ। ''ਵਡਾ ਬਣਿਐਂ ਹਮੈਤੀ।'' ਮੀਰਾਬ ਬਿੰਦ ਕੁ ਅਟਕ ਕੇ ਫੇਰ ਬੋਲਿਆ, ''ਜਿਹੜੀ ਤੇਰੇ ਅਰਗਿਆਂ ਨੇ ਆਰਾਂ ਦੇ ਕੇ ਉਹਤੋਂ 'ਸੂਰਮਗਤੀ' ਕਰਾਈ ਐ, ਵੇਖਾਂ ਨਾ ਹੁਣ ਮਗਰੋਂ ਕੋਈ ਉਹਨਾਂ ਦੇ ਦਾਣੇ

ਕਢਾ ਦੂ । ਜਿਹੜੀ ਚਾਰ ਘਮਾ ਪੈਲੀ ਐ ਉਹ ਮੁਕਦਮੇ ਤੇ ਲਗ-ਜੂ, ਮੁੰਡੇ ਦੋਏ ਊਂ ਰੁਲ ਜਾਣਗੇ, ਫੇਰ ਲਗੂ ਪਤਾ ਖ਼ੂਨ ਐਂ ਕਰੀਦਾ ਹੁੰਦੈ...ਵੇਖੇ ਐ ਥੋੜੇ ਅਰਗੇ ਯਾਰੀਆਂ ਪਾਲਣ ਆਲ਼ੇ ਵੀ...

''ਤੂੰ ਯਾਰ, ਗੱਲਾਂ ਕੀ ਕਰਦੈਂ ਮੀਰਾਬਾ ?'' ਰੁਲਦੂ ਦੀਆਂ ਨਿੱਕੀਆਂ ਅੱਖਾਂ ਤੇ ਲੰਮਾਂ ਨੱਕ ਫਰਕਣ ਲਗ ਪਏ ਸਨ । 'ਬੰਦਾ ਜੈਦਾਤਾਂ ਬਣੌਂਦਾ ਹੁੰਦਾ ਕਿ ਜੈਦਾਤਾਂ ਬੰਦੇ ਜੰਮਦੀਆਂ ਹੁੰਦੀਆਂ ?—ਦੁਨੀਆਂ ਤੇ ਮੁੜ-ਮੁੜ ਕੇ ਜੰਮਣੈਂ ਹੈਂ ?.. ਨਾਲੇ ਜਿਹੜੇ ਬੰਦੇ ਦੀ ਅਣਖ ਈ ਨ੍ਹੀਂ ਉਹ ਭਾਵੇਂ ਲਖਪਤੀ ਬਣਿਆ ਫਿਰੇ, ਕੀ ਸਾਲੇ ਦੀ ਜੂਨ ਐਂ ! ਧੰਨ ਕੰਜਰਾਂ ਦੇ ਘਰੀਂ ਥੋੜਾ ਹੁੰਦੈ...ਹੈਂ !...ਗੱਲਾਂ ਵੇਖ ਓਇ ਇਹ ਕੀ ਕਰਦੈ !...ਬਾਕੀ ਜਿਹੜੀ ਤੂੰ ਸਾਡੀ ਯਾਰੀ ਦੀ ਗੱਲ ਕਰਦੈਂ, ਕ੍ਰਿਤੇ ਮੌਕਾ ਪਿਆ ਤਾਂ ਉਹ ਵੀ ਤੈਨੂੰ ਵਖਾ ਦਿਆਂਗੇ...ਹੋਰ ਦੱਸ...?

ਮੀਰਾਬ ਰੁਲਦੂ ਦੇ ਕਰਾਰੇ ਸੁਭਾਅ ਨੂੰ ਜਾਣਦਾ ਸੀ । ਉਹਨੇ ਖੱਬੀ ਲੱਤ ਦੀ ਸਕੜੰਜ ਲੜਾਈਆਂ 'ਚ ਈ ਤੁੜਾਈ ਹੋਈ ਸੀ । ਧੌਣ 'ਤੇ ਗੰਡਾਸੇ ਦਾ ਨਿਸ਼ਾਨ ਉਹਦੀ 'ਸੂਰਮਗਤੀ' ਦਾ ਪ੍ਰਤੱਖ ਗਵਾਹ ਸੀ । ਪਰ ਮੀਰਾਬ ਨੇ ਉਹਦੀ ਸਾਰੀ ਗੱਲ ਨੂੰ ਚਿੱਤ ਦੀ ਕੌੜ ਨਾਲ ਰਲਾ ਕੇ ਥੁੱਕਦਿਆਂ ਮਨ 'ਚ ਇਕ ਗਾਲ੍ਹ ਕਢੀ : 'ਵੱਡਾ ਰਾਠ ਸਾਲਾ । ਨੰਗ । ਢਾਈ ਘਮਾ ਪੈਲੀ ਨ੍ਹੀਂ ਤੇ ਰ'ਲਾਂ ਵੇਖ ਕੀ ਕਰਦੈ ।' (ਊਂ ਉਸ ਨੂੰ ਆਪ ਹੀ ਇਸ ਗੱਲ ਦੀ ਸਮਝ ਨਹੀਂ ਸੀ ਆ ਰਹੀ ਕਿ ਪੈਲੀ ਨਾਲ ਉਹਦੀ ਕੌੜ ਦਾ ਕੀ ਸਬੰਧ ਜੁੜਦਾ ਸੀ) ਪਰ ਉਤੋਂ ਢੈਲਾ ਹੋ ਕੇ ਬੋਲਿਆ, 'ਜਿਹੜੀ ਤੂੰ ਜੈਦਾਦ ਆਲੀ ਗੱਲ ਕਰਦੈਂ ਨਾ, ਜੇ ਅਸਲ ਪੁਛੇਂ ਤਾ ਅਜ ਕਲ੍ਹ ਤਾਂ ਜੈਦਾਤਾਂ ਨਾਲ ਈ ਬੰਦੇ ਦਾ ਮੁੱਲ ਪੈਂਦੈ, ਊਂ ਕੋਈ ਟਕੇ ਸੇਰ ਨ੍ਹੀ ਪੁਛਦਾ' । 'ਨਹੀਂ ਪੁੱਛਦਾ ਨਾ ਪੁੱਛੇ ਯਾਰ ! ਕਿਸੇ ਤੋਂ ਕੀ ਲੈ ਕੇ ਖਾਣੈ ? ਨਾਲੇ ਧਰਮ ਬੇਚ ਧਨ ਕੋਈ ਖਾਏ ! ਜਦੋਂ ਬੰਦੇ ਦਾ ਧਰਮ ਈ ਨਾ ਰਿਹਾ, ਇੱਜ਼ਤ ਈ ਨਾ ਰਹੀ, ਅਣਖ ਈ ਨਾ ਰਹੀ, ਫੇਰ ਜੈਦਾਤਾਂ ਨੂੰ ਉਹ ਥੇਲ੍ਹੀ ਤੇ ਧਰ ਕੇ ਚੱਟੂ ?'—''ਐਂ ਨ੍ਹੀ ਸਾਊ, ਐਂ ਨ੍ਹੀਂ ।'' ਨਾਮ੍ਹਾ ਬੁੜ੍ਹਾ ਖੰਘੂਰਾ ਮਾਰਦਿਆਂ ਗੰਭੀਰਤਾ ਨਾਲ ਬੋਲਿਆ ਤੇ ਬਿੰਦ ਕੁ ਚੁੱਪ ਕਰਨ ਪਿਛੋਂ ਉਹਨੇ ਆਲਾ-ਦੁਆਲਾ ਵੇਖ ਕੇ ਰੁਲਦੂ ਵਲ ਝਾਕਦਿਆਂ ਕਿਹਾ, 'ਇਕ ਤਾਂ ਤੂੰ ਜਿਹੜੀ ਅਣਖ-ਇੱਜ਼ਤ ਆਲੀ ਗੱਲ ਕੀਤੀ ਐ ਨਾ, ਇਹ ਹੈ ਤਾਂ ਤੇਰੀ ਠੀਕ, ਪਰ ਭਾਈ ਸਭ ਕੁਸ਼ ਈ ਦੇਖਣਾ ਪੈਂਦੈ । ਜੱਟ ਅਸਲ 'ਚ ਮਰਦੇ ਈ ਇਉਂ ਐ, ਵੱਢ ਕੇ । ਇਕ ਨੇ ਮਾੜੀ ਜੀ ਕੋਈ ਗੱਲ ਕਹਿ 'ਤੀ ਦੂਜੇ ਨੇ ਸਹਾਰੀ ਨਾ, ਚਲ ਜਿਓਂ ਲੜਾਈਆਂ-ਮੁਕਦਮਿਆ ਤਾਈਂ ਗੱਲ ਜਾਂਦੀ ਐ । ਸਾਰਾ ਘਰ ਮੁਨਸ਼ੀ-ਮੁਸੱਦੀਆਂ, ਬਕੀਲਾਂ ਤੇ ਪੁਲਸ ਆਲਿਆਂ ਨੂੰ ਖੁਆ ਕੇ ਪਾਸੇ ਹੁੰਦੇ ਐ—ਮਗਰੋਂ ਉਹੀ ਠੂਠਾ, ਓਹੀ ਕਨਾਲੀ... ਦਸ ਫੇਰ—''

''ਠੀਕ ਐ ! ਠੀਕ ਐ ।'' ਵਿਅੰਗ ਨਾਲ ਸਿਰ ਹਿਲਾਂਦਿਆਂ ਰੁਲਦੂ ਬੋਲਿਆ, ''ਇਕ ਤਾਂ ਤੇਰੇ 'ਚ ਬੁੜ੍ਹਿਆ ਊਂ ਈ ਸਤ ਮੁਕਿਆ ਪਿਐ, ਤੇ ਉਤੋਂ ਤੇਰੇ ਪੁੱਤਾਂ ਨੇ ਬਣਾ-ਲੀ ਚਾਰ ਮਰਲੇ ਪੈਲੀ—ਸਲੱਗ ਜੋ ਹੋਏ !. ਬਾਕੀ ਤੁਸੀਂ ਦੋ ਗਾਡਰਾਂ ਤੇ ਪਾ ਲਿਆ ਦਰਬਾਜ਼ਾ, ਉਤੇ ਪਾ—ਲੇ ਦੋ ਚਬਾਰੇ । ਹੈਂ...ਤੇ ਕੰਮ ਧੰਦਾ ਸਭ ਮੁੰਡੇ ਸਾਂਭੀ ਬੈਠੇ ਐ, ਤੂੰ ਹੁਣ ਹੋਇਐਂ ਸੁਕੀ ਲੰਬੜਦਾਰੀ ਤੇ । ਹੁਣ ਤਾਹੀਂ ਏਹੋ—ਜੀਆਂ ਗੱਲਾਂ ਕਰਦੈਂ ਨਾ...ਜਦੋਂ ਏਸੇ ਸੱਥ 'ਚ ਬੈਠਾ, ਖਾ ਕੇ ਫੀਮ ਦਾ ਮਾਵਾ ਜੜਾਗੇ ਮਾਰਦਾ ਸਾਡੇ ਅ'ਰਗਿਆਂ ਨੂੰ ਤਾਅ ਦਿੰਦਾ ਹੁੰਦਾ ਸੀ, ਓਦੋਂ । ਪਤੈ ਜਿੱਦੇ ਮੈਂ ਤਖਤੂ ਕੇ ਮਾਲ੍ਹੇ ਦੇ ਮੌਰਾਂ 'ਚ ਕਸੌਲੀ ਮਾਰੀ ਐ, ਓਹ ਤੇਰੀ 'ਸੀਖਤ' ਦੀ ਮਿਹਰਬਾਨੀ ਈ ਸੀ ਕਿ, ਜਿਹੜੀ ਏਥੇ ਸਾਨੂੰ ਪੰਜ-ਗਰੰਥੀ ਦਾ ਪਾਠ ਪੜ੍ਹੌਂਦਾ ਹੁੰਦਾ ਸੀ । ਹੁਣ ਤੂੰ ਬਿੱਲੀ ਆਗੂੰ ਨੌ ਸੌ ਚੂਹਾ ਖਾ ਕੇ ਹੱਜ ਨੂੰ ਤੁਰ ਪਿਆ । ਬੱਲੇ ਉਇ ਤਾਇਆ ਸਿਆਂ. ਮੰਨ-ਗੇ ਤੈਨੂੰ ਬੀ...'...'ਤੂੰ ਤਾਂ, ਜਦੋਂ ਦੇਖੋ ਲੜਣ ਨੂੰ ਤਿਆਰ ਰਹਿਨੈ । ਹੁਣ ਐਮੇਂ ਕਿਧਰ ਦੀ ਗੱਲ ਕਿਧਰ ਲੈ ਤੁਰਿਆ...' ''ਥੋਨੂੰ ਤਾਂ ਇਹ ਲਗਣੀਆਂ ਈ ਹੋਈਆਂ ਕਿਧਰ ਦੀਆਂ—ਕੋਈ ਨ੍ਹੀਂ, ਸਦਾ ਕਿਸੇ ਤੇ ਇਕੋ—ਜੇ ਦਿਨ ਨਾ ਰਹੇ ਐ, ਨਾ ਰਹਿਣੇ ਐਂ । ਬਾਰੀ ਥੋਡੀ ਬੀ ਔਣੀ ਐਂ ਬਰ । ਫੇਰ ਉਦੋਂ ਗੱਲ ਕਰਾਂਗੇ.. ਹੁਣ ਤਾਂ ਥੋਨੂੰ ਹੇਠਾਂ, ਉਤੇ, ਚਾਰ-ਚੁਫੇਰੇ ਬਾਂਸਲ੍ਹੀਆਂ ਈ ਪਈਆਂ ਦਿੰਹਦੀਐਂ, ਹੋਰ ਕਾਸੇ ਤੇ ਨਿਗ੍ਹਾ ਈ ਨ੍ਹੀਂ ਜਾਂਦੀ । ਜਦੋਂ ਚਾਂਦੀ ਦੇ ਚਮਕਾਰੇ ਪੈਂਦੇ ਹੋਣ ਓਦੋਂ ਬੰਦਾ ਸਭ ਕੁਸ਼ ਭੁਲ ਜਾਂਦੈ, ਥੋਡੇ ਕੀ ਬਸ ਦੀ ਗੱਲ ਐ ।''

(ਚਲਦਾ)





ਹਿੰਮਤ ਸਿੰਘ ਸੋਢੀ

## ਆਸ਼ਕੀ ਦੇ ਮੂਲ ਆਧਾਰ

ਸਵਾਲ ਪੈਦਾ ਹੁੰਦਾ ਹੈ ਕਿ ਗੁਰਬਖ਼ਸ਼ ਸਿੰਘ ਨੇ ਆਪਣੀ ਸਾਹਿਤਕ ਰਚਨਾ ਦੇ ਪਹਿਲੇ ਕਾਲ ਵਿਚ ਪ੍ਰਭਾ-ਚਿਤਰੰਜਨ ਅਤੇ ਲਤਿਕਾ-ਮਨਧੀਰ ਜਹੇ ਪਾਤਰ ਕਿਉਂ ਘੜੇ ਜੋ ਯਥਾਰਥਕ ਜੀਵਨ ਨਾਲੋਂ ਇਸ ਤਰ੍ਹਾਂ ਟੁਟੇ ਹੋਏ ਹਨ ਕਿ ਕਿਸੇ ਸੁਪਨ-ਮਹਿਲ ਦੇ ਵਾਸੀ ਪਰਤੀਤ ਹੁੰਦੇ ਹਨ । 'ਅਣਵਿਆਹੀ ਮਾਂ' ਬਾਰੇ ਉਹ ਕਹਿੰਦਾ ਹੈ; ''ਜੇ ਇਸ ਕਹਾਣੀ ਦਾ ਚਾਲਚਲਣ ਪ੍ਰਵਾਨ ਨਹੀਂ, ਤਾਂ ਮੈਂ ਵੀ ਅਪ੍ਰਵਾਨ ਹੀ ਰਹਿਣਾ ਮਨਜ਼ੂਰ ਕਰਦਾ ਹਾਂ । 'ਅਣਵਿਆਹੀ ਮਾਂ' ਕੁਝ ਹੋਰ ਨਹੀਂ, ਇਹ ਮੇਰੀ ਆਪਣੀ ਆਤਮਾ ਹੈ । ਇਸ ਦਾ ਰੋਸ ਮੇਰਾ ਰੋਸ ਹੈ ।''[1] ਰਾਜ ਕੁਮਾਰੀ ਲਤਿਕਾ ਬਾਰੇ ਕਹਿੰਦਾ ਹੈ : ''ਮੈਂ ਕਾਫਰ ਤੇ ਭ੍ਰਿਸ਼ਟ ਬੁਧੀ ਵਾਲਾ ਸਮਝੇ ਜਾਣ ਲਈ ਤਿਆਰ ਹਾਂ, ਪਰ ਆਪਣੇ ਯੁਵਕ ਯੁਵਤੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੰਦਰੋਂ ਬਾਹਰੋਂ ਇਕੋ ਜਿਹਾ ਹੋ ਕੇ ਦਲੇਰੀ ਨਾਲ ਜਿਊਣ ਵਿਚ ਹੀ ਮਨੁਖਤਾ ਦੀ ਸੰਪੂਰਨਤਾ ਹੈ ।''[2]

'ਰਾਜ ਕੁਮਾਰੀ ਲਤਿਕਾ' ਨਾਲ ਹੀ ਗੁਰਬਖਸ਼ ਸਿੰਘ ਨੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕੀਤਾ ਅਤੇ ਉਪਰ ਦੇ ਬਿਆਨਾਂ ਤੋਂ ਇਹ ਵੀ ਜ਼ਾਹਰ ਹੈ ਕਿ ਇਕ 'ਅਵਾਂਤ-ਗਾਰਦ' (Avant-garde) ਵਾਂਗ ਉਸ ਨੇ ਪ੍ਰਵੇਸ਼ ਕੀਤਾ । ਤੇ ਜੇ ਦਲੇਰੀ ਨਾਲ ਜੀਉਣ ਦੀ ਹੀ ਗੱਲ ਸੀ ਤਾਂ ਉਸ ਨੇ ਲਤਿਕਾ ਤੇ ਮਨਧੀਰ ਨੂੰ ਕਿਉਂ ਮਰਵਾ ਦਿਤਾ ! ਲਤਿਕਾ ਦੇ ਕਤਲ ਬਾਅਦ ਮਨਧੀਰ ਅੰਦਰ ਜੀਊਣ ਦੀ ਤੇ ਸੰਘਰਸ਼ ਕਰਨ ਦੀ ਦਲੇਰੀ ਹੋਣੀ ਚਾਹੀਦੀ ਸੀ । ਏਸੇ ਤਰ੍ਹਾਂ ਜੇ ਚਿਤਰੰਜਨ ਨੂੰ ਫਾਂਸੀ ਦੀ ਸਜ਼ਾ ਹੋ ਵੀ ਜਾਂਦੀ ਤਾਂ ਪ੍ਰਭਾ ਨੂੰ ਕੌਮੀ ਲਹਿਰ ਵਿਚ ਸ਼ਾਮਲ ਕਰਵਾ ਕੇ ਗਲਤ ਨਿਜ਼ਾਮ ਵਿਰੁਧ ਉਸ ਨੂੰ ਜੂਝਦੇ ਦਿਖਾਇਆ ਜਾ ਸਕਦਾ ਸੀ । ਜੇ ਅੰਦਰੋਂ ਬਾਹਰੋਂ ਇਕੋ ਜਿਹਾ ਹੋ ਕੇ ਦਲੇਰੀ ਨਾਲ ਜੀਊਣ ਦੀ ਹੀ ਗੱਲ ਸੀ ਤਾਂ ਪ੍ਰਭਾ ਆਪਣੇ ਬੱਚੇ ਨੂੰ ਕਿਉਂ ਲਕੋਂਦੀ ਫਿਰਦੀ ਹੈ ? ਸਾਫ਼ ਕਹਿ ਦੇਂਦੀ ਕਿ ਬਿਨਾਂ ਕਿਸੇ ਰਸਮ-ਰੀਤ ਦੇ ਮੈਂ ਚਿਤਰੰਜਨ ਨਾਲ ਵਿਆਹ ਕਰਾ ਲਿਆ ਸੀ ਤੇ ਇਹ ਉਸ ''ਸ਼ਹੀਦ'' ਦਾ ਬੱਚਾ ਹੈ । ਨਾ ਪ੍ਰਭਾ ਨੂੰ ਘਰੋਂ ਨੱਸਣ ਦੀ ਲੋੜ ਸੀ ਅਤੇ ਨਾ ਚਿਤਰੰਜਨ ਨੂੰ ਜੇਲ੍ਹ ਤੋਂ ਨੱਸਣ ਦੀ ।

ਸੋ ਸਾਡੇ ਲਈ ਦੇਖਣਾ ਹੁਣ ਇਹ ਬਣਦਾ ਹੈ ਕਿ ਕਿਉਂ ਸ: ਗੁਰਬਖਸ਼ ਸਿੰਘ 45 ਸਾਲ ਦੀ ਉਮਰ ਤੱਕ ਵੀ ਇਸ ਤਰ੍ਹਾਂ ਦੇ ਪਾਤਰ ਪੇਸ਼ ਕਰਦਾ ਰਿਹਾ, ਜਦ ਕਿ ਸਰਤ ਚੰਦਰ ਅਤੇ ਪ੍ਰੇਮ ਚੰਦ

ਉਸ ਤੋਂ ਪਹਿਲਾਂ ਹੀ ਸਾਡੇ ਰਾਜਸੀ ਤੇ ਸਮਾਜਕ ਜੀਵਨ ਨੂੰ ਚੰਗੇਰੀ ਤਰ੍ਹਾਂ ਪੇਸ਼ ਕਰ ਚੁਕੇ ਸਨ। ਫੇਰ, ਆਪ ਹੀ ਉਹ ਕਹਿੰਦਾ ਹੈ ਕਿ "ਪੰਤਾਲੀ ਪੰਜਾਹ ਵਰ੍ਹਿਆਂ ਦੀ ਉਮਰ ਦੇ ਬਾਅਦ ਬੁਧੀ ਘਟਣੀ ਸ਼ੁਰੂ ਹੋ ਜਾਂਦੀ ਹੈ।[3] ਤਾਂ ਕੀ 'ਰਾਜਕੁਮਾਰੀ ਲਤਿਕਾ' ਤੋਂ 'ਅਣਵਿਆਹੀ ਮਾਂ' ਤੱਕ ਉਸ ਦੀਆਂ ਕਿਰਤਾਂ ਨੂੰ ਉਸ ਦੀ ਰਚਨਾ ਦਾ ਸਿਖਰ ਸਮਝ ਲਿਆ ਜਾਵੇ? ਇਹ ਠੀਕ ਹੈ ਕਿ 'ਪਰਮ ਮਨੁਖ' ਨਾਮ ਦੇ ਲੇਖ (1935) ਤੋਂ ਲੈ ਕੇ 'ਅਣਵਿਆਹੀ ਮਾਂ' ਅਤੇ ਐਕਟੀਵਿਟੀ ਸਕੂਲ ਦੇ ਸਮੇਂ ਤੱਕ ਗੁਰਬਖਸ਼ ਸਿੰਘ ਦਾ ਧਾਰਮਕ ਸੰਸਥਾਵਾਂ ਵਲੋਂ ਵਿਰੋਧ ਹੁੰਦਾ ਰਿਹਾ ਅਤੇ ਇਸ ਵਿਰੋਧ ਦਾ ਸਾਹਮਣਾ ਕਰਨ ਲਈ ਹੀ ਉਸ ਨੇ ਉਪਰ ਦੱਸੇ ਆਪਣੇ ਵਿਚਾਰ ਪ੍ਰਗਟ ਕੀਤੇ, ਜਿਸ ਤੋਂ ਪਰਤੀਤ ਹੁੰਦਾ ਹੈ ਕਿ ਗੁਰਬਖਸ਼ ਸਿੰਘ ਆਪਣੀਆਂ ਕਿਰਤਾਂ ਦੀ ਰਖਿਆ ਲਈ ਡਟਿਆ ਹੋਇਆ ਸੀ। ਇਹ ਗੱਲ ਉਸ ਨੂੰ ਟਾਲਸਟਾਏ ਤੇ ਹਾਰਡੀ ਜਿਹੇ ਲੇਖਕ—ਵਿਚਾਰਵਾਨਾਂ ਦੀ ਪੰਗਤ ਵਿਚ ਲਿਆ ਖੜਾ ਕਰਦੀ ਹੈ ਜੋ ਧਾਰਮਕ ਸੰਸਥਾਵਾਂ ਵਲੋਂ ਛੇਕੇ ਜਾਣ ਉਪਰੰਤ ਵੀ ਆਪਣੇ ਵਿਚਾਰਾਂ ਨੂੰ ਸਹੀ ਮੰਨਦੇ ਰਹੇ। ਹਾਰਡੀ ਨੇ 'ਟੈਸ' ਨਾਮ ਦੇ ਨਾਵਲ ਦੇ ਸਿਰਲੇਖ ਹੇਠਾਂ ਉਸ ਨੂੰ "ਇਕ ਪਵਿਤਰ ਇਸਤਰੀ" ਲਿਖ ਦਿਤਾ ਸੀ ਜਿਸ ਦਾ ਇੰਗਲੈਂਡ ਦੇ 'ਭੱਦਰ-ਲੋਕਾਂ' ਵਲੋਂ ਬੜਾ ਵਿਰੋਧ ਹੋਇਆ ਸੀ। ਗੁਰਬਖਸ਼ ਸਿੰਘ ਆਪ ਇਸ ਨਾਵਲ ਤੋਂ ਬੜਾ ਪ੍ਰਭਾਵਤ ਹੋਇਆ ਸੀ।[4] 'ਅਣਵਿਆਹੀ ਮਾਂ' ਵਿਚ ਟੈਸ ਦੀ ਕੁਝ ਝਲਕ ਮਿਲਦੀ ਵੀ ਹੈ। ਟੈਸ ਨੂੰ ਵੀ ਅਣਵਿਆਹੀ ਹਾਲਤ ਵਿਚ ਬੱਚਾ ਹੋ ਗਿਆ ਸੀ, ਪਰ ਹਾਰਡੀ ਨੇ ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿਤੀ ਕਿ ਟੈਸ ਬਿਲਕੁਲ ਬੇਵੱਸ ਸੀ, ਤੇ ਉਸ ਦਾ ਕੋਈ ਦੋਸ਼ ਨਹੀਂ ਸੀ। ਪਰ ਏਥੇ ਗੁਰਬਖਸ਼ ਸਿੰਘ ਦੀ ਪ੍ਰਭਾ ਤਾਂ ਬਰਤਾਨਵੀ ਰਾਜ ਦੀ ਪੁਲਸ ਦੀ ਛਤਰ-ਛਾਇਆ ਹੇਠ ਰਾਤੋ-ਰਾਤ ਇਕ ਅਜਿਹੇ ਦੇਸ਼-ਭਗਤ ਪਾਸੋਂ ਮਰਜ਼ੀ ਨਾਲ ਹੀ ਬੱਚਾ ਲੈਂਦੀ ਹੈ ਜਿਸ ਨੂੰ ਨੈਤਿਕ ਤੌਰ 'ਤੇ ਬੜਾ ਉੱਚਾ ਤੇ ਸੁੱਚਾ ਦੱਸਿਆ ਗਿਆ ਹੈ, ਜਦ ਕਿ ਟੈਸ ਨੂੰ ਖਰਾਬ ਕਰਨ ਤੇ ਧੋਖਾ ਦੇਣ ਵਾਲਾ ਇਕ ਵਿਗੜਿਆ ਹੋਇਆ ਬੰਦਾ ਸੀ। ਇਸ ਤਰ੍ਹਾਂ ਪੁਲਸ ਦੇ ਪਹਿਰੇ ਹੇਠ ਅਣਵਿਆਹੀ ਮਾਂ ਹੋ ਜਾਣਾ ਕਿਤਨਾ ਸੰਭਵ ਹੋ ਸਕਦਾ ਹੈ ਅਤੇ ਤਾਰਕਿਕ ਤੌਰ 'ਤੇ ਕਿਥੋਂ ਤੱਕ ਸਹੀ ਹੈ, ਇਹ ਅਸੀਂ ਪਹਿਲਾਂ ਵਿਚਾਰ ਚੁਕੇ ਹਾਂ। ਲਗਦਾ ਹੈ ਕਿ ਗੁਰਬਖਸ਼ ਸਿੰਘ ਅਮਰੀਕੀ ਵਾਤਾਵਰਨ ਤੋਂ ਪ੍ਰਭਾਵਤ ਹੋ ਕੇ ਆਪਣੇ ਦੇਸ ਦੀਆਂ ਪਰਚਲਤ ਨੈਤਿਕ ਕੀਮਤਾਂ ਦੀਆਂ ਧੱਜੀਆਂ ਉਡਾਣ 'ਤੇ ਉਤਾਰੂ ਸੀ। ਤਾਂ ਹੀ ਉਹ ਕਹਿੰਦਾ ਹੈ ਕਿ ਜੇ ਇਸ ਕਹਾਣੀ ਦਾ ਚਾਲਚਲਣ ਪ੍ਰਵਾਨ ਨਹੀਂ ਤਾਂ ਮੈਂ ਵੀ ਅਪ੍ਰਵਾਨ ਹੀ ਰਹਿਣਾ ਚਾਹੁੰਦਾ ਹਾਂ। ਏਸੇ ਕਰਕੇ ਸਾਡੇ ਲਈ ਇਹ ਆਲੋਚਨਾ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਲੇਖਕ ਦਾ ਮੁਢਲਾ ਜੀਵਨ, ਬਚਪਨ ਤੇ ਜਵਾਨੀ ਕਿਸ ਪ੍ਰਭਾਵ ਹੇਠ ਗੁਜ਼ਰੇ ਤੇ ਸ਼ੁਰੂ ਉਮਰ ਵਿਚ ਕਿਸ ਤਰ੍ਹਾਂ ਦੇ ਸੰਸਕਾਰ ਉਸ ਉਤੇ ਪਏ ਸਨ ਕਿ ਉਸ ਨੂੰ ਇਸ ਤਰ੍ਹਾਂ ਦੀਆਂ ਮੁਢਲੀਆਂ ਕਿਰਤਾਂ ਰਚਨੀਆਂ ਪਈਆਂ :—

(1) ਗੁਰਬਖਸ਼ ਸਿੰਘ ਦਾ ਜਨਮ 1895 ਵਿਚ ਇਕ ਗੈਰ-ਜੱਟ ਮਧ-ਵਰਗੀ ਸਿੱਖ ਘਰਾਣੇ ਵਿਚ ਹੋਇਆ। ਉਸ ਦੇ ਪਿਤਾ ਬੜੇ ਸਿਆਣੇ ਤੇ ਧਰਮੀ ਪੁਰਸ਼ ਸਨ। "ਮੈਂ ਇਕ ਵਾਰੀ ਬਾਪੂ ਜੀ ਦੇ ਸਾਹਮਣੇ ਰਹਿਰਾਸ ਦਾ ਪਾਠ ਕਰ ਕੇ ਅਰਦਾਸ ਕੀਤੀ ਤੇ ਬੜੀਆਂ ਚੰਗੀਆਂ ਗਲਾਂ ਦੇ ਪ੍ਰਣ ਦੁਹਰਾਏ। ਪਿਛੋਂ ਬਾਪੂ ਜੀ ਨੇ ਸਮਝਾਇਆ ਕਿ ਕਿਸੇ ਦੇ ਸਾਹਮਣੇ ਏਨਾ ਕੁਝ ਨਾ ਆਖੀਏ, ਇਹ ਪ੍ਰਣ ਆਪਣੇ ਦਿਲ ਦੇ ਹਨ।"[5] ਅੱਠ ਸਾਲ ਦੀ ਉਮਰ ਵਿਚ ਅਜਿਹੇ ਪਿਤਾ ਦੀ ਮੌਤ ਬਾਅਦ ਇਸ ਲੇਖਕ ਦਾ ਬਚਪਨ ਭਾਵੇਂ ਬੜਾ ਥੁੜਾਂ-ਭਰਿਆ ਸੀ, ਪਰ ਘਰ ਵਿਚ ਇਤਫਾਕ ਤੇ ਪਿਆਰ ਹੋਣ ਸਦਕਾ, ਉਸ ਦੇ ਅਨੁਸਾਰ, ਉਸ ਸਮੇਂ ਦੀ ਕੋਈ ਗੱਲ ਉਸ ਨੂੰ ਚੇਤੇ ਨਹੀਂ। ਸਕੂਲ ਉਸ ਲਈ



'ਹਊਆ' ਹੋਇਆ ਕਰਦਾ ਸੀ ਤੇ ਪਹਿਲੀਆਂ ਜਮਾਤਾਂ ਵਿਚ 'ਰਊਂ ਰਊਂ ਕਰਦੇ' ਹੀ ਸਕੂਲ ਜਾਂਦਾ ਹੁੰਦਾ ਸੀ। ਉਮਰ ਤੇ ਕੱਦ ਵਿਚ ਨਿਗੂਣਾ ਹੋਣ ਕਰਕੇ, ਭਾਵੇਂ ਸਕੂਲੇ ਮਾਰ ਨਹੀਂ ਸੀ ਪੈਂਦੀ, ਪਰ ਸੋਚਦਾ ਕਿ "ਕਦੇ ਅਥਰੂਆਂ ਬਿਨਾਂ ਪੜ੍ਹਾਈ ਕਰਾਣ ਵਾਲਾ ਕੋਈ ਸਕੂਲ ਹੋਵੇ... ਜੀਅ ਚਾਹੁੰਦਾ ਸੀ ਕਿ ਮੈਨੂੰ ਵੀ ਪੜ੍ਹਾਈ ਦਾ ਇਨਾਮ ਮਿਲੇ। ਏਸੇ ਚਾਹ ਦੀ ਉਕਸਾਹਟ ਹੇਠਾਂ ਮੈਂ ਇਕ ਵਾਰੀ ਚਾਰ ਰੁਪਏ ਘਰੋਂ ਚੁਰਾ ਲਏ, ਤੇ ਰੋਜ਼ਾਨਾ ਇਕ ਇਕ ਰੁਪਇਆ ਘਰ ਲਿਆ ਦਿੱਤਾ ਤੇ ਦਸਿਆ ਅੱਜ ਹਿਸਾਬ ਵਿਚ, ਅੱਜ ਹੋਰ ਮਜ਼ਮੂਨ ਵਿਚ ਅਵੱਲ ਰਹਿਣ ਦਾ ਇਨਾਮ ਮੈਨੂੰ ਮਿਲਿਆ ਹੈ। ਓੜਕ ਮੇਰੇ ਝੂਠ ਦਾ ਪਤਾ ਲੱਗ ਹੀ ਜਾਣਾ ਸੀ—ਤੇ ਮੈਨੂੰ ਬੜੀ ਨਮੋਸ਼ੀ ਆਈ।"[6] ਸੋ, ਚੰਗੇ ਅਖਵਾਉਣ ਅਤੇ ਅਛੇ ਸਮਝੇ ਜਾਣ ਦਾ ਸ਼ੌਕ ਬਚਪਨ ਤੋਂ ਹੀ ਉਸ ਦੇ ਮਨ ਵਿਚ ਸੀ। ਉਸ ਦੀ ਵਡੀ ਭੈਣ ਦੀ ਇਕ ਸਹੇਲੀ ਉਸ ਨਾਲ ਬੜਾ ਪਿਆਰ ਕਰਦੀ ਸੀ। "ਉਸ ਨੇ ਮੈਨੂੰ ਨਮੋਸ਼ੀ ਦੀ ਡੂੰਘੀ ਉਦਾਸੀ ਵਿਚ ਵੇਖ ਕੇ ਮੇਰਾ ਦੁਖਿਆ ਹੋਇਆ ਨਿੱਕਾ ਦਿਲ ਫੋਲਿਆ, ਮੈਨੂੰ ਪਿਆਰ ਕੀਤਾ ਤੇ ਆਖਿਆ ਕਿ ਉਹ ਮੈਨੂੰ ਹਿਸਾਬ ਪੜ੍ਹਾਇਆ ਕਰੇਗੀ। ਉਹਦੇ ਪੜ੍ਹਾਣ ਦਾ ਢੰਗ ਨਿਰੀ-ਪੁਰੀ ਕਰਾਮਾਤ ਸੀ।"

ਇਸ ਝੂਠ ਬੋਲਣ ਕਰਕੇ ਹੀ ਘਰਦਿਆਂ ਨੇ ਇਹ ਜ਼ਰੂਰੀ ਸਮਝਿਆ ਕਿ ਕਾਕੇ ਨੂੰ ਅੰਮਰਤ ਛਕਾਇਆ ਜਾਵੇ। ਲੇਖਕ ਅਨੁਸਾਰ "ਗੁਰੂ ਨਾਨਕ ਰੂਪ ਮਹੰਤ ਪਰੇਮ ਸਿੰਘ ਪਾਸੋਂ ਅੰਮਰਤ ਛਕਣ ਦੇ ਬਾਅਦ ਮੈਨੂੰ ਇਕ ਨਵਾਂ ਮੁੰਡਾ ਬਣ ਜਾਣ ਦਾ ਅਹਿਸਾਸ ਹੋਣ ਲੱਗਾ।" ਪੰਜਵੀਂ ਜਮਾਤ ਵਿਚ ਮਾਸਟਰ ਦੌਲਤ ਰਾਮ ਜਿਹਾ ਉਸਤਾਦ ਉਸ ਨੂੰ ਮਿਲਿਆ ਜਿਸ ਨੇ ਹਲਾ-ਸ਼ੇਰੀ ਦੇ ਕੇ ਉਸ ਨੂੰ ਵਜ਼ੀਫੇ ਦੇ ਇਮਤਿਹਾਨ ਦੀ ਤਿਆਰੀ ਕਰਵਾਈ। ਇਸ ਤਰ੍ਹਾਂ ਗਿਆਰਾਂ ਸਾਲ ਦੀ ਉਮਰ ਤਕ ਹੀ ਗੁਰਬਖਸ਼ ਸਿੰਘ ਉਤੇ ਪਏ ਪ੍ਰਭਾਵ ਅਜਿਹੇ ਸਨ ਜਿਨ੍ਹਾਂ ਕਾਰਨ ਉਸ ਨੂੰ ਚੰਗਾ ਬਣਨ ਦਾ ਉਤਸ਼ਾਹ ਮਿਲਿਆ।

(2) ਸ਼ਾਦੀ ਤੋਂ ਦੋ ਸਾਲ ਪਹਿਲਾਂ, ਚੌਦਾਂ ਸਾਲ ਦੀ ਉਮਰ ਵਿਚ ਉਸ ਦਾ ਪਹਿਲਾ ਪਿਆਰ ਨੌਂ ਸਾਲ ਦੀ ਇਕ ਲੜਕੀ (ਮਖਣੀ) ਨਾਲ ਹੋਇਆ। ਇਸ ਪਿਆਰ ਨੇ ਹੀ ਉਸ ਨੂੰ ਕਵੀ ਵੀ ਬਣਾ ਦਿੱਤਾ ਅਤੇ ਸੋਲ੍ਹਾਂ ਸਾਲ ਦੀ ਉਮਰ ਵਿਚ (1911) ਉਸ ਦੀ ਇਕ ਕਵਿਤਾ 'ਖਾਲਸਾ ਸਮਾਚਾਰ' ਵਿਚ ਛਪੀ ਜਿਸ ਦੀ ਹਰੇਕ ਸਤਰ 'ਮਖਣੀ' ਦੇ ਨਾਂ ਨਾਲ ਅੰਤ ਹੁੰਦੀ ਸੀ।

(3) ਸੋਲ੍ਹਾਂ ਸਾਲ ਦੀ ਉਮਰ ਵਿਚ ਗੁਰਬਖਸ਼ ਸਿੰਘ ਦੀ ਸ਼ਾਦੀ ਜਗਜੀਤ ਕੌਰ ('ਜੀਤਾਂ') ਨਾਲ ਹੋਈ। ਦੋਵਾਂ ਦੀਆਂ ਮਾਵਾਂ ਨੇ ਪਹਿਲਾਂ ਹੀ ਇਹ ਤੈ ਕੀਤਾ ਹੋਇਆ ਸੀ, ਦੋਵਾਂ ਦੇ ਜਨਮ ਤੋਂ ਵੀ ਪਹਿਲਾਂ, ਕਿ ਜੇ ਇਕ ਦੇ ਲੜਕਾ ਤੇ ਦੂਜੀ ਦੇ ਲੜਕੀ ਹੋਈ ਤਾਂ ਉਹਨਾਂ ਦੋਵਾਂ ਦਾ ਰਿਸ਼ਤਾ ਕਰ ਦਿਤਾ ਜਾਵੇਗਾ। ਵਿਆਹ ਦੇ ਦੋ ਸਾਲ ਬਾਅਦ ਉਸ ਦੇ ਘਰ ਇਕ ਲੜਕੀ ਹੋਈ, ਜੋ ਜੀਵਤ ਨਹੀਂ ਸੀ, ਤੇ ਇਸ ਬਾਰੇ ਲੇਖਕ ਆਪਣੇ ਆਪ ਨੂੰ ਕਸੂਰਵਾਰ ਠਹਿਰਾਉਂਦਾ ਹੈ। ਫੇਰ ਗੁਰਬਖਸ਼ ਸਿੰਘ, ਪਤਨੀ ਦੇ ਗਹਿਣਿਆਂ ਦੀ ਸਹਾਇਤਾ ਨਾਲ, ਰੁੜਕੀ ਕਾਲਜ ਵਿਚ ਐਂਜੀਨੀਅਰੀ ਪੜ੍ਹਨ ਚਲਾ ਗਿਆ ਤੇ ਤਿੰਨ ਸਾਲ ਦੀ ਪੜ੍ਹਾਈ ਬਾਅਦ, ਪਹਿਲੀ ਵਡੀ ਜੰਗ ਵਿਚ ਮਧ-ਪੂਰਬ ਦੇ ਦੇਸਾਂ ਵਿਚ ਬਸਰੇ ਤੇ ਬਗਦਾਦ ਵੱਲ ਨੌਕਰੀ ਉਤੇ ਰਿਹਾ, ਜਿਥੇ ਹੋਰ ਅਨੁਭਵਾਂ ਦੇ ਨਾਲ ਉਸ ਨੂੰ ਮੌਤ ਨੂੰ ਵੀ ਨੇੜਿਉਂ ਤੱਕਣ ਦਾ ਅਵਸਰ ਮਿਲਿਆ। ਇਹ ਛੇ ਸਾਲ (1914-1920) ਉਹ ਰਾਮ-ਕ੍ਰਿਸ਼ਨ ਪਰਮਹੰਸ ਅਤੇ ਸਵਾਮੀ ਰਾਮ ਤੀਰਥ ਦੇ ਪ੍ਰਭਾਵ ਹੇਠ ਪਤਨੀ ਨੂੰ ਮਾਤਾ ਦਾ ਸਰੂਪ ਸਮਝਦਾ ਤੇ 'ਮਾਤਾ' ਕਹਿ ਕੇ ਉਸ ਨੂੰ ਸੰਬੋਧਨ ਕਰਦਾ ਰਿਹਾ। ਰੁੜਕੀ ਦੇ ਪਾਸ ਹੀ ਹਰਦੁਵਾਰ ਸੀ, ਜਿਥੇ ਉਹ ਹਰ ਮਹੀਨੇ ਜਾਂਦਾ, ਗੰਗਾ ਦਾ ਕੰਢਾ ਉਸ ਨੂੰ ਖੁਮਾਰੀ ਦੇਈ ਰਖਦਾ, ਜਿਥੇ ਉਹ ਸਾਰੀ ਸਾਰੀ ਰਾਤ ਬੈਠਾ ਰਹਿੰਦਾ ਤੇ "ਇਸ ਦੇ ਪਾਣੀਆਂ ਵਿਚ ਰਾਤੀਂ ਜਦੋਂ ਚੰਨ ਦਾ ਅਕਸ ਲਿਸ਼ਕਦਾ ਸੀ, ਜਾਪਦਾ ਸੀ ਰੱਬ

ਮੁਸਕਰਾਂਦਾ ਹੈ'' (ਚਿੱਠੀ, 22.6.21)।

ਰੁੜਕੀ ਪਾਸ ਕਰ ਕੇ, ਬਸਰੇ ਜਾਣ ਤੋਂ ਪਹਿਲਾਂ, ਜੋ ਢਾਈ ਮਹੀਨੇ ਪਤਨੀ ਪਾਸ ਗੁਜ਼ਾਰੇ ਉਸ ਦੌਰਾਨ ਵੀ ਉਸ ਨੇ ਪਤਨੀ ਨਾਲ 'ਮਾਤਾ' ਵਾਲੇ ਸੰਬੰਧ ਹੀ ਰਖੇ। 1930 ਵਿਚ ਜਦੋਂ ਉਹ ''ਬੜਾ ਕੁਝ ਪੜ੍ਹ ਤੇ ਵੇਖ ਕੇ ਦੇਸ ਮੁੜਿਆ ਤਾਂ ਮੇਰੇ ਖਿਆਲ ਬਦਲ ਚੁਕੇ ਸਨ। ਮੈਂ ਆਪਣੀ ਪਤਨੀ ਕੋਲੋਂ ਮੁਆਫੀ ਮੰਗੀ ਤੇ ਆਪਣਾ ਅਸਲੀ ਰਿਸ਼ਤਾ ਵਾਪਸ ਮੰਗਿਆ। ਉਸ ਵੇਲੇ ਮੈਂ ਉਸ ਕੋਲੋਂ ਪੁਛਿਆ, ਤੂੰ ਮੇਰੇ ਗਲਤ ਰਵੱਈਏ ਦੀ ਸ਼ਿਕਾਇਤ ਨਾ ਆਪਣੇ ਮਾਪਿਆਂ ਅੱਗੇ ਕੀਤੀ—ਕਿਸ ਖਿਆਲ ਤੋਂ ਨਾ ਕੀਤੀ ?'' ''ਮੈਨੂੰ ਪਕਾ ਭਰੋਸਾ ਸੀ ਕਿ ਤੁਸੀਂ ਹੀ ਮੇਰੇ ਬਚਿਆਂ ਦਾ ਪਿਉ ਬਣਨਾ ਹੈ, ਉਸ ਨੇ ਬੜੇ ਸਵੈ-ਭਰੋਸੇ ਨਾਲ ਜਵਾਬ ਦਿੱਤਾ।''[7] 1920 ਵਿਚ ਲੇਖਕ ਜਦ ਅਮਰੀਕਾ ਪੜ੍ਹਨ ਲਈ ਗਿਆ ਤਾਂ ਪਤਨੀ ਗਰਭਵਤੀ ਸੀ। ਉਸ ਵੱਲ ਇਕ ਚਿੱਠੀ ਵਿਚ ਉਹ ਲਿਖਦਾ ਹੈ : ''ਵਿਆਹ ਦੇ ਪਿਛਲੇ ਛੇ ਵਰ੍ਹੇ 1914 ਤੋਂ 1920 ਤੱਕ, ਮੈਂ ਤੈਨੂੰ ਪੂਰਾ ਪਿਆਰ ਕਰਨ ਦੀ ਥਾਂ ਵਿਹਲੇ ਖਬਤਾਂ ਵਿਚ ਫਸਿਆ ਰਿਹਾ ਹਾਂ'' (ਚਿੱਠੀ, 15.9.21)

ਚੌਦਾਂ-ਪੰਦਰਾਂ ਤੋਂ ਪੰਝੀ ਸਾਲ ਦੀ ਉਮਰ ਹੀ ਅਜਿਹੀ ਹੁੰਦੀ ਹੈ ਜਦ ਕੁਝ ਨੌਜਵਾਨ ਬੜੇ ਸੁਪਨੇਸਾਜ਼ ਹੁੰਦੇ ਹਨ। ਇਸ ਉਮਰ ਵਿਚ ਆਦਰਸ਼ਵਾਦ, ਰੱਬ ਦੀ ਟੋਲ, ਇੰਦਰੀਆਂ ਉਤੇ ਕਾਬੂ ਅਤੇ ਵਡੀਆਂ ਵਡੀਆਂ ਪ੍ਰਾਪਤੀਆਂ ਦੇ ਸੁਪਣੇ ਲਏ ਜਾਂਦੇ ਹਨ। ਗੁਰਬਖਸ਼ ਸਿੰਘ ਵੀ ਅਜਿਹੀਆਂ ਗੱਲਾਂ ਦਾ ਸ਼ਿਕਾਰ ਰਿਹਾ। ਪਰ ਅਮਰੀਕਾ ਜਾਣ ਤੋਂ ਪਹਿਲਾਂ ਉਹ ਰੱਬ ਦੀ ਟੋਲ ਦਾ ਖ਼ਬਤ ਤਿਆਗ ਚੁਕਾ ਸੀ। ਇਕ ਚਿੱਠੀ ਵਿਚ ਉਹ ਪਤਨੀ ਨੂੰ ਕਹਿੰਦਾ ਹੈ : ''ਸ਼ੁਰੂ ਤੋਂ ਮੈਨੂੰ ਆਪਣੇ ਪ੍ਰੀਤਮ ਦੀ ਤਲਾਸ਼ ਰਹੀ; ਪਰ ਕਿਸੇ ਨੇ ਮੈਨੂੰ ਪੂਰੀ ਤਰ੍ਹਾਂ ਨਾ ਮੋਹਿਆ। ਫੇਰ ਤੂੰ ਆਈਉਂ। ਤੈਨੂੰ ਵੀ ਮੈਂ ਵਾਰੀ ਦਿਤੀ, ਪਰ ਤੂੰ ਵੀ ਕਾਮਯਾਬ ਨਾ ਹੋਈਉਂ। ਤੂੰ ਅਜੇ ਪੁਰਾਣੇ ਪਤੀ-ਪਤਨੀ ਦੇ ਚਕਰ ਵਿਚ ਫਸੀ ਮਾਸੂਮ ਕੁੜੀ ਸੈਂ। ਫੇਰ ਮੈਂ ਕੁਝ ਚਿਰ ਕਿਸੇ ਅਦਿਖ ਪ੍ਰੀਤਮ ਨੂੰ ਢੂੰਡਦਾ ਰਿਹਾ, ਜਿਦ੍ਹੇ ਰੱਬੀ ਨਕਸ਼ ਮੈਂ ਆਪ ਕਲਪੇ। ਉਹਦੇ ਪਿਆਰ ਵਿਚ ਵੀ ਸ਼ਾਂਤੀ ਨਾ ਮਿਲੀ। ਮੈਂ ਛੇ ਵਰ੍ਹੇ ਜੂਝਦਾ ਰਿਹਾ। ਮੁੜ ਦੁਨਿਆਵੀ ਇਸ਼ਕ ਵੱਲ ਝੁਕਾ ਦਿਸਿਆ ! ਹਰ ਪਾਸੇ ਮੈਂ ਕੋਈ ਪ੍ਰੀਤਮ ਢੂੰਡਿਆ, ਕਿਸੇ ਨੇ ਅਵੱਲੀ ਧੂਹ ਨਾ ਪਾਈ।'' (ਚੱਠੀ 11.8.21)

(4) ਪਤਨੀ ਵਹਿਮਾਂ-ਭਰਮਾਂ ਭਰੇ ਸਨਾਤਨੀ ਪਰਵਾਰ ਵਿਚੋਂ ਆਈ ਇਕ ਸਾਧਾਰਨ, ਅਨਪੜ੍ਹ ਕੁੜੀ ਸੀ ਜੋ ਵਿਆਹ ਦੇ ਦਸ ਸਾਲ ਬਾਅਦ ਵੀ ਅਜੇ 'ਪ੍ਰੋਫੈਸਰ' ਨੂੰ ਫਨਫੇਸਰ ਆਖਦੀ ਸੀ।[8] ਪਰ ਉਸ ਨੇ ਜਵਾਨ ਉਮਰ ਵਿਚ ਹੀ ਗਹਿਣੇ ਵੇਚ ਕੇ ਪਤੀ ਨੂੰ ਕਾਲਜ ਦੀ ਪੜ੍ਹਾਈ ਕਰਾਈ ਸੀ। ਹੁਣ ਉਹ ਇਹ ਸੋਚਦੀ ਸੀ ਕਿ ਪਤੀ ਜੋ ਪਹਿਲਾਂ ਹੀ ਖ਼ਬਤੀ ਹੈ, ਅਮਰੀਕਾ ਜਾ ਕੇ ਕੋਈ ਹੋਰ ਖਬਤ ਲਗਾ ਲਵੇਗਾ, ਤਾਂ ਉਸ ਨੂੰ ਲਿਖਦੀ ਸੀ, ' ਅਮਰੀਕਾ ਜਾ ਕੇ ਤੁਸੀਂ ਆਪਣੀ ਵਿਦਿਆ ਦੇ ਅਭਿਮਾਨੀ ਹੋ ਜਾਵੋਗੇ...ਕਿਤੇ ਦਾਗ ਨਾ ਲਾ ਲੈਣਾ,'' ਤੇ ਚਿੱਠੀ ਦੇ ਅੰਤ ਵਿਚ 'ਚਰਨਾਂ ਤੇ ਸਿਰ ਧਰਨਾ' ਲਿਖਿਆ ਹੁੰਦਾ ਸੀ (ਚਿੱਠੀ 24.5.21)। ਦੂਜੇ ਪਾਸੇ, ਪਤੀ ਕਹਿੰਦਾ ਸੀ ਕਿ ਮੈਂ ਤੈਨੂੰ ਉਹ ਉਹ ਗੱਲਾਂ ਵੀ ਦੱਸ ਦੇਂਦਾ ਰਿਹਾ ਹਾਂ ਜਿਹੜੀਆਂ ਆਦਮੀ ਪਤਨੀਆਂ ਕੋਲੋਂ ਲੁਕਾਈ ਰੱਖਣ ਦੀ ਹਰ ਕੋਸ਼ਿਸ਼ ਕਰਦੇ ਹਨ।[9] ਅਮਰੀਕਾ ਰਹਿੰਦੇ ਹੋਏ ਜਿਥੇ ਪੰਜਾਹ ਪੰਜਾਹ ਵਰ੍ਹੇ ਦੀ ਉਮਰ ਤੱਕ ਦੀਆਂ ਔਰਤਾਂ ਕੁੜੀਆਂ ਬਣੀਆਂ ਰਹਿੰਦੀਆਂ ਅਤੇ ਛੜੇ ਜਵਾਨ ਬੰਦੇ ਮਗਰ ਮੰਡਰਾਂਦੀਆਂ ਰਹਿੰਦੀਆਂ ਹਨ, ਉਹ ਪੰਜਾਹ ਪੰਜਾਹ ਪੰਨਿਆਂ ਦੇ ਪੱਤਰ ਪਤਨੀ ਨੂੰ ਲਿਖਦਾ ਸੀ। ਇਹਨਾਂ ਚਿਠੀਆਂ ਦਾ ਲਬੋ-ਲਹਿਜਾ ਕੁਝ ਅਜਿਹਾ ਹੈ ਜਿਵੇਂ ਕੋਈ ਆਪਣੇ ਮਿਤਰ ਤੋਂ ਕੰਮ ਲੈਂਦਾ ਤੇ ਉਸ ਨੂੰ ਹਲਾ-ਸ਼ੇਰੀ ਦੇਂਦਾ ਹੋਇਆ



ਪੁਕਾਰਦਾ ਹੋਵੇ : ''ਬੱਲੇ ਤੇਰੇ ਤੇ ਅਸ਼ਕੇ ਮੇਰੇ !'' ਗੁਰਬਖਸ਼ ਸਿੰਘ ਆਪਣੇ ਜੀਵਨ ਵਿਚ ਕਈ ਕੰਮ ਏਸੇ ਸੁਨਹਿਰੀ ਗੁਰ (golden mean) ਨਾਲ ਕਰਦਾ ਰਿਹਾ ਹੈ। ਲੋਕ ਭਾਸ਼ਾ ਵਿਚ ਇਸਨੂੰ ਕਹਿੰਦੇ ਹਨ : 'ਹਰੇਕ ਨੂੰ ਪੁੱਤ ਦੇਣਾ।'

(5) ਆਪਣੀ ਪੜ੍ਹਾਈ ਦਾ ਖਰਚਾ ਕਢਣ ਤੇ ਕੁਝ ਪੈਸੇ ਘਰ ਭੇਜਣ ਲਈ ਗੁਰਬਖਸ਼ ਸਿੰਘ ਨੂੰ ਅਮਰੀਕਾ ਵਿਚ ਮਜ਼ਦੂਰੀ ਕਰਨੀ ਪੈਂਦੀ ਸੀ, ਜਿਵੇਂ ਘਰਾਂ ਨੂੰ ਗਰਮ ਰਖਣ ਲਈ ਤਹਿਖਾਨਿਆਂ ਵਿਚ ਭਠ ਝੋਕਣੀ, ਕੋਲੇ ਦੀ ਸਵਾਹ ਬਾਹਰ ਕਢਣੀ, ਅਤੇ ਸ਼ੀਸ਼ੇ, ਬੂਹੇ, ਨਾਲੀਆਂ, ਵੇਹੜੇ ਸਾਫ ਕਰਨੇ, ਆਦਿ। ਉਹ ਲਿਖਦਾ ਹੈ : ''ਸਾਰੇ ਵਡੀ ਉਮਰ ਦੇ ਲੋਕ ਮੈਨੂੰ ਬੜਾ ਬਜ਼ੁਰਗ ਸਮਝ ਕੇ ਇਜ਼ਤ ਕਰਦੇ ਹਨ, ਕੁੜੀਆਂ ਤੇ 'ਬਾਪੂ' ਸਮਝਦੀਆਂ ਹਨ। ਜਵਾਨ ਮੁੰਡੇ ਟਿਚਕਰਾਂ ਕਰਦੇ ਹਨ। ਏਥੋਂ ਦੀ ਇਕ ਰੋਜ਼ਾਨਾ ਅਖਬਾਰ ਦੀ ਇਕ ਮੇਮ ਮੇਰੇ ਖਿਆਲ ਪੁਛਣ ਲਈ ਆਈ। ਏਸ ਸਾਰੇ ਉਤਰੀ ਪਾਸੇ ਵਿਚ ਕੋਈ ਸਿੱਖ ਕਿਸੇ ਵੇਖਿਆ ਨਹੀਂ। ਇਹਨਾਂ ਲਈ ਮੈਂ ਇਕ ਹੈਰਾਨੀ ਹਾਂ। ਕਈ ਸਮਝਦੇ ਸਨ ਕਿ ਮੈਂ ਪੱਗਾਂ ਵੇਚਣ ਵਾਲੀ ਕਿਸੇ ਕੰਪਨੀ ਦਾ ਤੁਰਦਾ ਫਿਰਦਾ ਇਸ਼ਤਿਹਾਰ ਹਾਂ। ਅੱਜ ਦੀ ਅਖ਼ਬਾਰ ਵਿਚ ਮੇਰੀ ਤਸਵੀਰ ਦਿਤੀ ਹੋਈ ਹੈ, ਤੇ ਨਾਲੇ ਉਹ ਗੱਲ-ਬਾਤ ਜਿਹੜੀ ਮੇਰੀ ਉਸ ਮੇਮ ਨਾਲ ਹੋਈ ਵਧਾ-ਚੜ੍ਹਾ ਕੇ ਲਿਖੀ ਹੈ। ਵਰਕਾ ਭੇਜ ਰਿਹਾ ਹਾਂ...ਮੈਂ ਆਪਣੀਆਂ ਇਸਤਰੀਆਂ ਦੀ ਹਰ ਥਾਂ ਬੜੀ ਤਾਰੀਫ ਕਰਦਾ ਹਾਂ। ਜੇ ਤੂੰ ਆਪ ਪੜ੍ਹ ਸਕਦੀਉਂ ਤਾਂ ਤੈਨੂੰ ਏਨਾ ਕੁਝ ਸਵਾਦ ਆਉਂਦਾ ਕਿ ਮੇਰੇ ਦਿਲ ਵਿਚ ਉਸ ਜਮਾਤ ਦੀ ਕਿੰਨੀ ਇੱਜ਼ਤ ਹੈ ਜਿਦ੍ਹੇ ਵਿਚੋਂ ਮੇਰੀ ਜੀਤਾਂ ਇਕ ਹੈ। ਉਹਨੂੰ ਮਿੱਠੀ ਦੇਂਦਾ ਹੋਇਆ—ਮੈਂ ਹਾਂ ਤੇਰਾ ਗੁਰਬਖਸ਼।'' (ਚਿੱਠੀ 5.11.21)

(6) ਅਮਰੀਕਾ ਵਿਚ ਉਸ ਦੀਆਂ ਮਿਤਰ ਔਰਤਾਂ ਵਿਚ ਇਕ ਬੰਗਾਲੀ ਵਿਦਿਆਰਥਨ ਪ੍ਰਭਾ ਅਤੇ ਉਹ ਅਮਰੀਕਨ ਔਰਤਾਂ ਸਨ ਜਿੰਨ੍ਹਾਂ ਅੰਦਰ ਉਸ ਲਈ ਵਧੇਰੇ ਖਿਚ੍ਹ ਸੀ। ਪਰ ਪਤਨੀ ਨੂੰ ਉਹ ਇਹ ਲਿਖਦਾ ਸੀ ਕਿ ''ਦੁਨੀਆਂ ਵਿਚ ਭਾਵੇਂ ਬੇਅੰਤ ਰੰਗ-ਬਰੰਗੇ ਫੁਲ ਹੋਵਣ, ਪਰ ਜਿਸ ਨਾਲ ਮੇਰੀ ਸਾਂਝ ਹੈ, ਉਹ ਹਰ ਟਹਿਣੀ ਨਾਲ ਨਹੀਂ ਪੁੰਗਰਦਾ।'' ਅਖ਼ਬਾਰ ਵਿਚ ਛਪੇ ਉਸ ਦੇ ਮਜ਼ਮੂਨ ਪੜ੍ਹ ਕੇ ਕਈ ਉਸ ਨਾਲ ਮੁਲਾਕਾਤ ਕਰਦੀਆਂ, ਤੇ ਕਈ ਉਸ ਨੂੰ ਘਰ ਸੱਦ ਕੇ ਇਸਤਰੀਆਂ ਵਿਚ ਲੈਕਚਰ ਕਰਾਉਂਦੀਆਂ ਸਨ। ਅਜਿਹੀਆਂ ਮੁਲਾਕਾਤਾਂ ਵਿਚ ਹੀ ਉਸ ਦੀ ਮਿਸਿਜ਼ ਮੈਕਾਰਟੀ ਨਾਲ ਮੁਲਾਕਾਤ ਹੋਈ ਜੋ ਪੰਜਾਹ ਵਰ੍ਹਿਆਂ ਤੋਂ ਉਪਰ ਪੋਤਰਿਆਂ ਵਾਲੀ, ਪਰ ਇਕਲੀ ਰਹਿੰਦੀ ਸੀ ਤੇ ਬਾਅਦ ਵਿਚ ''ਪਿਆਰ ਕਬਜ਼ਾ ਨਹੀਂ, ਪਹਿਚਾਨ ਹੈ'' ਦੀ ਨਾਇਕਾ ਬਣਦੀ ਹੈ, ਤੇ ਜਿਸ ਵਿਚ 'ਪ੍ਰਿੰਸ' ਦੇ ਚਿਹਨ-ਚੱਕਰ ਲੇਖਕ ਨਾਲ ਮਿਲਦੇ ਹਨ ਅਤੇ ''ਜਿਸ ਨੇ ਗੁਰਬਖਸ਼ ਸਿੰਘ ਨੂੰ ਇੰਜੀਨੀਅਰ ਤੋਂ ਲਿਖਾਰੀ ਬਣਾ ਦਿਤਾ'' (ਚਿੱਠੀ 29.5.23)।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਕੀ ਦੇਸ ਵਿਚ ਤੇ ਕੀ ਬਦੇਸਾਂ ਵਿਚ ਉਸ ਦੀਆਂ ਮਿੱਤਰ ਵਧੇਰੇ ਔਰਤਾਂ ਹੀ ਰਹੀਆਂ ਹਨ। ਮਰਦਾਂ ਨਾਲ ਉਸ ਦਾ ਪਿਆਰ ਨਾ ਹੋਣ ਦੇ ਬਰਾਬਰ ਹੈ। ਦੇਸ ਵਿਚ ਮਖਣੀ ਤੋਂ ਬਾਅਦ ਉਸ ਦਾ ਦੂਜਾ ਪਿਆਰ ਆਪਣੇ ਪਿਤਾ ਦੇ ਮਿੱਤਰ ਦੀ ਲੜਕੀ ਗਿਆਨ ਨਾਲ ਸੀ ਜੋ ਡਾਕਟਰੀ ਵਿਚ ਪੜ੍ਹਦੀ ਸੀ ਤੇ ਜਿਸ ਬਾਰੇ ਜੀਤਾਂ ਨੇ ਇਕ ਚਿੱਠੀ ਵਿਚ ਉਸ ਨੂੰ ਲਿਖਿਆ ਸੀ, ''ਜਿਸ ਤਰ੍ਹਾਂ ਗਿਆਨ ਤੇ ਹੋਰਨਾਂ ਨੂੰ ਪਿਆਰ ਕਰਦੇ ਹੋ, ਉਸੇ ਤਰ੍ਹਾਂ ਮੈਨੂੰ ਵੀ ਕਰੋ।'' ਗਿਆਨ ਦੀ ਮੌਤ ਉਤੇ ਆਪਣੀ ਇਕ ਚਿੱਠੀ ਵਿਚ ਉਹ ਗਿਆਨ ਬਾਰੇ ਕੋਈ ਗੱਲ ਯਾਦ ਕਰ ਕੇ ਪਤਨੀ ਨੂੰ ਲਿਖਦਾ ਹੈ। ''ਉਸ ਦੇ ਨਾਲ ਇਕ ਸਹੇਲੀ ਵੀ ਆਈ ਹੋਈ ਸੀ, ਛੁਟੀਆਂ ਵਿਚ। ਮੇਰੀ ਆਦਤ ਹੈ, ਮੈਂ ਹਰ ਕੁੜੀ ਨੂੰ ਕੁਝ ਉਚੇਚਾ ਧਿਆਨ ਦੇ ਦੇਂਦਾ

ਸਾਂ । ਮੈਂ ਹੈਰਾਨ ਹੋ ਗਿਆ, ਜਦੋਂ ਗਿਆਨ ਨੇ ਲਿਖ ਕੇ ਇਹ ਸਤਰਾਂ ਮੇਰੇ ਹੱਥ ਫੜਾਈਆਂ, 'ਮੈਨੂੰ ਤੁਹਾਥੋਂ ਵਧ ਕੋਈ ਹੋਰ ਪਿਆਰਾ ਨਹੀਂ । ਮੈਂ ਤੁਹਾਨੂੰ ਆਪਣਾ ਬਣਾਇਆ ਤੇ ਤੁਹਾਡੀ ਬਣੀ ਸਾਂ । ਪਰ ਤੁਸੀਂ ਮੇਰੀ ਸਹੇਲੀ ਨੂੰ ਮੇਰੇ ਵਰਗਾ ਪਿਆਰ ਕਰ ਕੇ ਮੇਰੇ ਦਿਲ ਦੇ ਅਣਗਿਣਤ ਟੁਕੜੇ ਕਰ ਛਡੇ ਨੇ ।' ਤੇ ਫੇਰ ਕਹਿੰਦਾ ਹੈ, "ਜਦੋਂ ਕਦੇ ਮੈਂ ਉਹਦੀ ਛੋਟੀ ਭੈਣ ਹਰਨਾਮ ਨੂੰ ਪਿਆਰ ਕਰਨਾ, ਤਾਂ ਕਿਸੇ ਕਿਸੇ ਵੇਲੇ ਗਿਆਨ ਮਾਯੂਸ ਹੋ ਜਾਂਦੀ ਸੀ, ਇਹ ਜਾਣ ਕੇ ਕਿ ਸ਼ਾਇਦ ਇਹਦੀ ਆਦਤ ਹੀ ਹੈ ਸਾਰਿਆਂ ਨੂੰ ਪਿਆਰ ਕਰਨਾ । ਇਹ ਮੈਨੂੰ ਕੋਈ ਖਾਸ ਪਿਆਰ ਨਹੀਂ ਕਰਦਾ । ਮੈਂ ਉਹਦੇ ਸਦਕਾ ਹੀ ਉਹਦੀ ਸਹੇਲੀ ਵੱਲ ਰਤਾ ਮਾਸਾ ਧਿਆਨ ਦਿਤਾ ਸੀ, ਪਰ ਉਸ ਨੇ ਜਾਤਾ ਮੈਂ ਉਹਦੇ ਦਿਲ ਦੇ ਟੋਟੇ ਕਰ ਦਿਤੇ ਸਨ" (ਚਿੱਠੀ 25.6.11) । ਅਗਲੀ ਚਿੱਠੀ ਵਿਚ ਉਹ ਲਿਖਦਾ ਹੈ : "ਤੂੰ ਮੈਨੂੰ ਸਿਖਿਆ ਦੇਂਦੀ ਰਿਹਾ ਕਰ । ਪਿਆਰ ਭਰੇ ਅਲ੍ਹਾਮੇ ਵੀ ਦਿਆ ਕਰ; ਸ਼ਰਮਿੰਦਾ ਵੀ ਕਰਿਆ ਕਰ ਕਿ ਤੂੰ ਮੈਨੂੰ ਏਨਾ ਪਿਆਰ ਕਰਦੀ ਹੈਂ ਤੇ ਮੈਂ ਅਜੇ ਵੀ ਦੂਜਿਆਂ ਕੋਲੋਂ ਤਸੱਲੀ ਢੂੰਡਦਾ ਹਾਂ । ਪਿਆਰੀ, ਮੇਰਾ ਕਸੂਰ ਕੋਈ ਨਹੀਂ, ਤੇਰੀ ਜਾਤ (ਇਸਤਰੀ) ਨਾਲ ਮੇਰਾ ਜਮਾਂਦਰੂ ਸਨੇਹ ਹੈ ।" (6 7.21)

ਏਸੇ ਤਰ੍ਹਾਂ ਉਸ ਦਾ ਪਿਆਰ ਕਿਰਪਾਲ ਨਾਂਅ ਦੀ ਇਕ ਕੁੜੀ ਨਾਲ ਸੀ ਜਿਸ ਨਾਲ ਇਕ ਵੇਰ ਉਹ, ਉਸ ਦੇ ਮਿਲਣ ਆਈ ਉਤੇ, ਅੰਗ੍ਰੇਜ਼ੀ ਵਿਚ ਗੱਲਾਂ ਕਰਦਾ ਰਿਹਾ ਅਤੇ ਪਤਨੀ ਗੁੱਸੇ ਹੋ ਕੇ ਪਰ੍ਹਾਂ ਹੋ ਗਈ । ਕਿਰਪਾਲ ਬਾਰੇ ਉਸ ਪਤਨੀ ਨੂੰ ਲਿਖਦਾ ਹੈ : "ਕਿਰਪਾਲ ਨੂੰ ਤੂੰ ਵੇਖਿਆ ਹੋਵੇਗਾ । ਸਾਰਾ ਦਿਨ ਆਪਣੇ ਪਤੀ ਦਾ ਨਾਂ ਲੈਂਦੀ ਰਹਿੰਦੀ ਸੀ । ਪਰ ਉਹਦਾ ਪਿਆਰ ਉਸ ਨੇ ਨੇੜੇ ਨਹੀਂ ਸੀ ਢੁਕਣ ਦਿੱਤਾ ।...ਜਿਹੜੀ ਇਸਤਰੀ ਵਿਚ ਪਿਆਰ ਦੀ ਖਾਹਿਸ਼ ਤੂੰ ਜ਼ਬਰਦਸਤ ਵੇਖੇਂ, ਉਹਨੂੰ ਸਲਾਹ ਦਿਆ ਕਰ ਕਿ ਆਪਣੇ ਪਤੀ ਉਤੇ ਡਿਗੀ ਹੋਈ ਨਜ਼ਰ ਨ ਆਵੇ" (7.5.22) । ਅਜਿਹੀਆਂ ਗੱਲਾਂ ਦੇ ਉਲਾਰ ਦੇ ਪੱਖ ਨੂੰ ਸਾਵਾਂ ਕਰਨ ਲਈ ਉਹ ਕਦੇ ਉਸ ਨੂੰ ਲਿਖਦਾ : "ਜੇਡੀ ਤੂੰ ਚੰਗੀ ਹੈਂ, ਜੇ ਓਦੂੰ ਅਧੀ ਵੀ ਤੂੰ ਪੜ੍ਹਾਈ ਕਰ ਲਈ ਹੁੰਦੀ, ਮੈਂ ਖੂਬ ਪਹਿਲਾਂ ਹੀ ਤੇਰੇ ਕਾਬੂ ਵਿਚ ਰਹਿੰਦਾ । ਜਿਹੜੇ ਚਾਰ ਅਖਰ ਮੈਂ ਤੇਰੇ ਕੋਲੋਂ ਵਧੀਕ ਪੜ੍ਹ ਲਏ ਹਨ, ਉਹ ਛਾਬੇ ਨੂੰ ਉਲਾਰ ਕਰਦੇ ਰਹੇ । ਮੈਂ ਭੁਲ ਗਿਆ ਕਿ ਫੋਕੀ ਵਿਦਿਆ ਤੇ ਅਭਿਮਾਨ ਪੈਦਾ ਕਰਨ ਵਾਲੇ ਇਲਮ ਨਾਲੋਂ ਤੇਰੀ ਸਾਫ਼ ਦਿਲੀ, ਤੇ ਤੇਰਾ ਪਿਆਰ-ਭਰਪੂਰ, ਗਰਜ਼-ਰਹਿਤ ਹਿਰਦਾ ਹਜ਼ਾਰ ਦਰਜੇ ਉਚਾ ਹੈ । ਮੇਰੇ ਅਭਿਮਾਨ ਨੇ ਮੈਨੂੰ ਏਨਾ ਤੇਰੇ ਨੇੜੇ ਨਾ ਆਉਣ ਦਿਤਾ ਜਿੰਨ੍ਹਾ ਮੈਂ ਚਾਹੁੰਦਾ ਸਾਂ । ਤੇਥੋਂ ਜੁਦਾ ਹੋ ਕੇ ਹੁਣ ਮੈਨੂੰ ਤੇਰੇ ਗੁਣ ਹੀ ਗੁਣ ਦਿਸਦੇ ਹਨ ।" (11.8.21)

ਇਕ ਚਿੱਠੀ ਵਿਚ ਉਸ ਨੇ ਕਿਹਾ : "ਮੈਂ ਤੇਰੇ ਬੂਟ ਸਾਫ ਕਰਨ ਦੇ ਲਾਇਕ ਵੀ ਨਹੀਂ ਹਾਂ," ਜੋ ਉਸ ਦੀ ਪਤਨੀ ਨੂੰ ਚੰਗਾ ਨਹੀਂ ਸੀ ਲੱਗਾ । ਇਸ ਬਾਰੇ ਉਪਰਲੀ ਚਿੱਠੀ ਵਿਚ ਹੀ ਹਵਾਲਾ ਦੇ ਕੇ ਉਹ ਕਹਿੰਦਾ ਹੈ : ਮੈਂ ਆਪਣੇ ਆਪ ਨੂੰ ਜਾਣਦਾ ਹਾਂ । ਮੈਂ ਆਖਣ ਲਈ ਨੀਵਾਂ ਨਹੀਂ ਬਣ ਰਿਹਾ । ਤੇਰੀ ਆਤਮਾ ਮੇਰੇ ਨਾਲੋਂ ਵਧੇਰੇ ਸਾਫ ਤੇ ਵਧੇਰੇ ਪਵਿਤਰ ਹੈ...ਮੇਰੇ ਕੋਲ ਦੁਨੀਆਂ ਦਾ ਕੂੜਾ ਕਰਕਟ ਇਕਠਾ ਹੋ ਗਿਆ ਹੈ—ਚਾਰ ਗੱਲਾਂ ਉਧਰ ਦੀਆਂ, ਦੋ ਏਧਰ ਦੀਆਂ, ਕੰਮ ਦੀ ਕੋਈ ਵੀ ਨਾ । ਮੈਂ ਆਪਣੇ ਆਪ ਕੋਲੋਂ ਸ਼ਰਮਿੰਦਾ ਹਾਂ ਕਿ ਤੇਰੀ ਕਦਰ ਨਹੀਂ ਪਾ ਸਕਿਆ, ਕੋਈ ਗ਼ੈਬੀ ਪਿਆਰ ਢੂੰਡਦਾ ਰਿਹਾ ਹਾਂ ।...ਤੂੰ ਲਿਖਿਆ ਸੀ 'ਵੇਖਣਾ ਦਾਗ ਨਾ ਲਾ ਲੈਣਾ ।' ਤੂੰ ਕੋਈ ਸ਼ੱਕ ਤਾਂ ਨਹੀਂ ਸੀ ਕੀਤਾ, ਮੈਨੂੰ ਇਕ ਕੀਮਤੀ ਸਿਖਿਆ ਦਿਤੀ ਸੀ : 'ਵੇਖਣਾ ਕਿਤੇ ਦਾਗ ਨਾ ਲਾ ਲੈਣਾ !'



ਇਹ ਫਿਕਰਾ ਮੈਂ ਆਪਣੀ ਨੋਟ-ਬੁਕ ਉਤੇ ਨਕਲ ਕਰ ਲਿਆ ਹੈ । ਇਹਦਾ ਮੈਨੂੰ ਗੁੱਸਾ ਨਹੀਂ ਸੀ ਲੱਗਾ" (11.8.21) ਕਦੇ ਲਿਖਦਾ : "ਮੈਨੂੰ ਮੇਰੇ ਇਸ ਦਿਲ ਨੇ ਬੜਾ ਹੀ ਦੁਖੀ ਕੀਤਾ ਹੈ, ਜਦ ਦੀ ਮੈਂ ਹੋਸ਼ ਸੰਭਾਲੀ ਹੈ, ਮੈਂ ਇਹਨੂੰ ਗਲੋਂ ਲਾਹੁਣ ਦੀ ਬੜੀ ਹੀ ਕੋਸ਼ਿਸ਼ ਕੀਤੀ, ਪਰ ਇਹ ਸਦਾ ਹੀ ਮੇਰੇ ਹੱਡ ਸਾੜਨ ਲਈ ਮੇਰੇ ਕੋਲ ਹੀ ਰਿਹਾ । ਜਦੋਂ ਸਕੂਲ ਵਿਚ ਸਾਂ, ਅਜੇ ਬੱਚਾ ਹੀ ਸਾਂ । ਜਮਾਤ ਵਿਚ ਕਿਸੇ ਨਾ ਕਿਸੇ ਲਈ ਇਹ ਚੰਦਰਾ ਤੜਪਦਾ ਹੀ ਰਹਿੰਦਾ ਸੀ । ਅਜੇ ਜਵਾਨੀ ਦੂਰ ਹੀ ਸੀ ਕਿ ਕੁੜੀਆਂ ਦੀ ਪੂਜਾ ਦਾ ਚਸਕਾ ਇਹਨੂੰ ਪੈ ਗਿਆ । ਤੈਨੂੰ ਕੀ ਦੱਸਾਂ ਕਿੰਨੇ ਜਗਰਾਤੇ ਮੈਂ ਕੱਟੇ ਹਨ, ਕਿੰਨੇ ਹੰਝੂ ਮੈਂ ਕੇਰੇ ਹਨ, ਸਿਰਫ ਏਸ ਕੁਚਲਣੇ ਦਿਲ ਦਾ ਸਦਕਾ ।...ਇਹ ਮੇਰਾ ਭੈੜਾ ਦਿਲ ਤੇਰੇ ਕੋਲੋਂ ਭਜਦਾ ਰਿਹਾ ਹੈ, ਪਰ ਆਖ਼ਰ ਤੇਰੇ ਕੋਲ ਹੀ ਆਉਣਾ ਸਾਸੂ ।.. ਮੈਂ ਮੰਨਦਾ ਹਾਂ, ਮੈਂ ਤੈਨੂੰ ਬੜੇ ਫਿਕਰ ਪਾ ਆਇਆ ਹਾਂ, ਤੇ ਮੈਂ ਐਨੇ ਵਰ੍ਹੇ ਤੇਰੇ ਨਾਲ ਇਨਸਾਫ ਵੀ ਨਹੀਂ ਕੀਤਾ ਪਰ ਤੇਰਾ ਇਹ ਲਿਖਿਆ ਪੜ੍ਹ ਕੇ ਮੈਨੂੰ ਬੜਾ ਦੁਖ ਪਹੁੰਚਾ ਹੈ : ਜੇ ਮੈਂ ਏਡੀ ਬੇਲੋੜੀ ਸਾਂ, ਤਾਂ ਮੈਨੂੰ ਮੌਤ ਕਿਉਂ ਨਾ ਆ ਗਈ ।'—ਪਿਆਰੀ, ਕੀ ਮੈਨੂੰ ਮਿਲਣ ਉਤੇ ਜੀਆ ਏਨਾ ਨਹੀਂ ਕਰਦਾ, ਕਿ ਮੌਤ ਦਾ ਤੂੰ ਖਿਆਲ ਕਰੇਂ !.. ਤੂੰ ਲਿਖਿਆ ਹੈ ਕਿ ਜੇ ਆਣ ਕੇ ਪਿਆਰ ਕਰਨਾ ਜੇ, ਤਾਂ ਲਿਖੋ, ਨਹੀਂ ਤਾ ਧੋਖਾ ਦੇਣਾ ਅਛਾ ਨਹੀਂ ।...ਤੂੰ ਲਿਖਿਆ ਹੈ, 'ਜਦੋਂ ਵਾਪਸ ਆਉਗੇ, ਮੇਰੇ ਨਾਲ ਫੇਰ ਵਿਆਹ ਕਰ ਲੈਣਾ ।' ਗੱਲ ਤੇ ਤੂੰ ਚੰਗੀ ਦੱਸੀ ਏ । ਤੂੰ ਅਜੇ ਹੈ ਤਾਂ ਕੁਆਰੀਆਂ ਵਰਗੀ । ਤੇਰੇ ਨਾਲ ਹੀ ਮੁੜ ਕੇ ਵਿਆਹ ਕਰਾਂਗਾ, ਕਿਉਂਕਿ ਪਹਿਲਾ ਵਿਆਹ ਤਾਂ ਨਾਂ ਗਿਣੌਨਾ ਹੀ ਸੀ । ਜਿੰਨੀਆਂ ਰਾਤਾਂ ਅਸੀਂ ਦਸਾਂ ਵਰ੍ਹਿਆਂ ਵਿਚ ਇਕਠੇ ਰਹੇ ਹਾਂ, ਓਦੂੰ ਦੂਣਾ ਚੌਣਾ ਚਿਰ ਏਸ ਦੇਸ ਵਿਚ ਕੁਆਰਿਆਂ—ਵਾਂਗ ਮੁੰਡਾ ਕੁੜੀ ਇਕਠੇ ਰਹਿ ਲੈਂਦੇ ਹਨ, ਤੇ ਮਗਰੋਂ ਕੋਈ ਵਿਆਹ ਵੀ ਨਹੀਂ ਕਰਾਂਦੇ ।" (31.3.22) ।

ਇਕ ਵੇਰ ਉਹ ਪਤਨੀ ਨੂੰ ਲਿਖਦਾ ਹੈ : "ਇਹ ਲੰਮੀਂ ਜੁਦਾਈ, ਬੇਗਾਨਿਆਂ ਦਾ ਸੰਗ, ਆਪਣਿਆਂ ਤੋਂ ਦੂਰੀ ਨੇ ਮੇਰਾ ਜੀਅ ਘੁੱਣ ਵਾਂਗ ਖਾ ਲਿਆ ਹੈ...ਹੁਣ ਮੈਨੂੰ ਚੰਗੀ ਤਰ੍ਹਾਂ ਦਿਸ ਪਿਐ ਕਿ ਸਾਰੀ ਦੁਨੀਆਂ ਦੇ ਤਖਤੇ ਉਤੇ ਕੋਈ ਹੋਰ ਇਸਤਰੀ ਐਸੀ ਨਹੀਂ ਹੋ ਸਕਦੀ ਜਿਦ੍ਹੇ ਕੋਲੋਂ ਜੋ ਖੁਸ਼ੀ ਮੈਂ ਮੰਗਦਾ ਹਾਂ ਮਿਲ ਸਕੇ । ਤੇਰੇ ਨਾਲੋਂ ਸਿਆਣੀਆਂ ਵੀ ਭਾਵੇਂ ਕਈ ਹੋਣ, ਸੋਹਣੀਆਂ ਵੀ ਹੋਣ, ਪਰ ਮੈਨੂੰ ਉਹਨਾਂ ਕੋਲੋਂ ਕੁਝ ਹਾਸਲ ਨਹੀਂ ਹੋ ਸਕਦਾ...ਜਦ ਤਕ ਮੈਂ ਸਾਰਾ ਪੂਰਾ ਤੇਰਾ ਨਹੀਂ ਸਾਂ, ਤੈਨੂੰ ਕਦੇ ਨਹੀਂ ਆਖਿਆ । ਕਹਿੰਦੇ ਨੇ ਜਦ ਅੰਤ ਹੋਣਾ ਹੁੰਦਾ ਹੈ, ਤਾਂ ਪਹਿਲੋਂ ਅੱਤ ਹੁੰਦੀ ਹੈ । ਮੇਰੀਆਂ ਇਹਨਾਂ ਭਟਕਣਾਂ ਦਾ ਅੰਤ ਪਹੁੰਚ ਚੁਕਾ ਸੀ । ਪਰ ਕੋਈ ਕਸਰ ਬਾਕੀ ਸੀ । ਇਕ ਸੋਹਣੀ ਬੰਗਾਲਣ ਮੇਰੇ ਰਸਤੇ ਵਿਚ ਆ ਗਈ । ਇਹ ਮੇਰਾ ਅਖ਼ੀਰਲਾ ਤਜਰਬਾ ਸੀ...ਮੈਂ ਏਉਂ ਜਾਣਾਗਾ ਜਿਵੇਂ ਇਹ ਨੌਂ ਸਾਲ ਮੈਂ ਤੈਨੂੰ ਟੋਲਦਾ ਰਿਹਾ ਹਾਂ, ਤੈਨੂੰ ਲੱਭਦਾ ਰਿਹਾ ਹਾਂ, ਤੇ ਹੁਣ ਫੈਸਲਾ ਕੀਤਾ ਹੈ ਕਿ ਤੇਰੇ ਨਾਲ ਵਿਆਹ ਕਰਾਂਗਾ । 'ਸਹਿਜ ਪੱਕੇ ਸੋ ਮੀਠਾ ਹੋ ।' ਕੀ ਪਤਾ ਇਹ ਚਿਰਾਕੀ ਜਾਗ ਸੋਹਣੀ ਜਾਗ ਸਾਬਤ ਹੋਵੇ ।" (5.11.21)

(7) ਬਾਰਾਂ ਸਾਲ ਤਕ ਇਸ ਟੁੰਬਣ, ਪਿਆਰਨ, ਪੁਚਕਾਰਨ, ਵਡਿਆਉਣ ਦੇ ਉਪਰੰਤ ਵੀ ਗੁਰਬਖ਼ਸ਼ ਸਿੰਘ ਪਤਨੀ ਤੋਂ ਆਪਣੇ ਆਪ ਨੂੰ "ਤੂੰ" ਜਾਂ "ਗੁਰਬਖਸ਼" ਕਹਿ ਕੇ ਸੰਬੋਧਨ ਨਹੀਂ ਕਰਾ ਸਕਿਆ ਤੇ ਉਹ ਉਸ ਨੂੰ 'ਚਰਨਾਂ ਦੀ ਦਾਸੀ' ਹੀ ਲਿਖਦੀ ਰਹੀ । ਅੰਤ 1924 ਵਿਚ ਉਹ ਆਪ ਉਸ ਨੂੰ "ਤੂੰ" ਦੀ ਥਾਂ "ਤੁਸੀਂ" ਕਹਿਣ ਲਗ ਪਿਆ ਤੇ ਫੇਰ ਸਾਰੀ ਉਮਰ "ਤੁਸੀਂ" ਹੀ ਕਹਿੰਦਾ ਰਿਹਾ । ਇਹ ਹੈ ਜ਼ਨਾਨੀ ਦਾ ਹੱਠ ਤੇ ਉਸ ਦੀ ਨਿਸ਼ਠਾ । ਇਸ ਦੇ ਬਿਲਕੁਲ ਵਿਪਰੀਤ

ਇਕ ਹੋਰ ਘਟਨਾ ਮਨੋਵਿਗਿਆਨਕ ਨਰੀਖਣ ਦੇ ਯੋਗ ਹੈ, ਜੋ ਵਿਆਹ ਤੋਂ ਵੀਹ ਸਾਲ ਬਾਅਦ ਦੀ ਹੈ ਤੇ ਜਿਸ ਦੀ ਲੇਖਕ ਨੂੰ ਪਤਨੀ ਤੋਂ ਆਸ ਨਹੀਂ ਸੀ : "ਇਕ ਵੇਰੀ ਮੈਂ ਕਿਤੋਂ ਬਾਹਰੋਂ ਆਇਆ, ਮੇਰਾ ਸੁਆਗਤ ਕਰਨ ਲਈ ਇਸਤਰੀਆਂ-ਮਰਦ ਇਕੱਠੇ ਹੋਏ ਹੋਏ ਸਨ। ਮੈਨੂੰ ਵੇਖਦਿਆਂ ਹੀ ਮੇਰੀ ਪਤਨੀ ਨੇ ਅਗਾਂਹ ਵਧ ਕੇ ਮੇਰੇ ਗਲ ਵਿਚ ਬਾਹਾਂ ਪਾ ਦਿਤੀਆਂ। ਉਦੋਂ ਉਹ ਚਹੁੰ-ਬਚਿਆਂ ਦੀ ਮਾਂ ਸੀ। ਵੇਖਣ ਵਾਲੀਆਂ ਕਈ ਬਜ਼ੁਰਗ ਇਸਤਰੀਆਂ ਨੇ ਸ਼ਰਮਾ ਕੇ ਘੁੰਡ ਕਢ ਲਏ, ਪਰ ਮੇਰੀ ਪਤਨੀ ਦਾ ਚਿਹਰਾ ਅਣਝੇਂਵੇਂ ਉਤਸ਼ਾਹ ਨਾਲ ਚਮਕਦਾ ਰਿਹਾ।"[10]

ਇਹ ਉਸ ਆਦਮੀ ਦਾ ਹਾਲ ਹੈ ਜਿਸ ਇਕ ਵੇਰ ਪਤਨੀ ਨੂੰ ਲਿਖਿਆ ਸੀ : "ਤੂੰ ਲਿਖਿਆ ਹੈ : 'ਮੈਂ ਸੁਹਣੀ ਜੁ ਨਾ ਹੋਈ।' ਜੀਤਾਂ ਮੈਂ ਕਿਹੜੇ ਮੂੰਹ ਨਾਲ ਇਹ ਆਖ ਸਕਦਾ ਹਾਂ। ਆਪਣਾ ਮੂੰਹ ਮੈਥੋਂ ਭੁਲਿਆ ਨਹੀਂ। ਇਹ ਤੂੰ ਹੀ ਹੈਂ ਜਿਹੜੀ ਮੈਨੂੰ ਕਬੂਲਦੀ ਹੈਂ। ਨਾ ਰੰਗ, ਨਾ ਕੱਦ, ਨਾ ਅੱਖਾਂ, ਕੁਝ ਵੀ ਮੇਰੇ ਕਰਮਾਂ ਵਿਚ ਨਹੀਂ ਆਇਆ। ਮੈਂ ਸ਼ੁਕਰ ਕਰਦਾ ਹਾਂ ਮਾਪਿਆਂ ਦਾ ਸਦਕਾ ਮੈਨੂੰ ਤੇਰਾ ਸੁਹਣਾ ਸਾਥ ਮਿਲ ਗਿਆ।" (23.11.21)

(8) ਗੁਰਬਖ਼ਸ਼ ਸਿੰਘ ਚੰਗਾ ਬਣਨ ਤੇ ਅਖਵਾਉਣ ਦਾ ਚਾਹਵਾਨ ਤਾਂ ਸ਼ੁਰੂ ਤੋਂ ਹੀ ਸੀ, ਏਸ ਲਈ ਉਸ ਨੇ ਰੁੜਕੀ ਕਾਲਜ ਤੋਂ ਲੈ ਕੇ ਮਿਚੀਗਿਨ (ਅਮਰੀਕਾ) ਦੀ ਪੜ੍ਹਾਈ ਤਕ ਤੇ ਇਸ ਤੋਂ ਬਾਅਦ 'ਪ੍ਰੀਤ ਲੜੀ' ਦੇ ਨਿਕਾਸ ਤੋਂ ਪ੍ਰੀਤ ਨਗਰ ਦੇ ਵਿਕਾਸ ਤਕ ਕਰੜੀ ਸਾਧਨਾ ਕੀਤੀ। ਉਹ ਸੁਪਨੇਸਾਜ਼, ਆਦਰਸ਼ਵਾਦੀ, ਕਵੀ ਤੇ ਪ੍ਰੇਮ-ਪੰਗੂਰੇ ਵਾਲਾ ਹਿਰਦਾ ਪਹਿਲਾਂ ਹੀ ਰਖਦਾ ਸੀ। 16 ਸਾਲ ਦੀ ਉਮਰ ਵਿਚ ਪੰਜਾਬੀ ਵਿਚ ਤੇ 25 ਸਾਲ ਦੀ ਉਮਰ ਵਿਚ ਅੰਗਰੇਜ਼ੀ ਵਿਚ ਉਸ ਦੀਆਂ ਰਚਨਾਵਾਂ ਛਪਣ ਲਗ ਪਈਆਂ ਸਨ। ਅਠਾਰਾਂ ਸਾਲ ਦੀ ਉਮਰ ਵਿਚ ਆਪਣੀ ਪਤਨੀ ਨੂੰ ਪਰੇਰਨਾ ਦੇਣ ਲਈ ਕਿ ਉਹ ਆਪਣੀ ਪੜ੍ਹਾਈ ਲਈ ਉਸ ਨੂੰ ਆਪਣੇ ਸਾਰੇ ਗਹਿਣੇ ਦੇ ਦੇਵੇ 'ਪ੍ਰਤਿਮਾ' ਨਾਂਅ ਦਾ ਨਿੱਕਾ ਨਾਵਲ ਵੀ ਲਿਖ ਚੁਕਾ ਸੀ ਜੋ 1934 ਵਿਚ ਛਪਿਆ। ਅਮਰੀਕਾ ਵਿਚ ਰਹਿੰਦੇ ਹੋਏ ਉਸ ਨੇ ਤਿੰਨ ਡਰਾਮੇ (**ਰਾਜ ਕੁਮਾਰੀ ਲਤਿਕਾ, ਪ੍ਰੀਤ ਮੁਕਟ, ਪੂਰਬ ਤੇ ਪੱਛਮ**) ਲਿਖੇ। ਇਕ ਕਹਾਣੀ **ਭੁਖੀ ਆਤਮਾ** ਤੇ ਇਕ ਨਿਬੰਧ **ਮੇਰੀ ਦਾਦੀ** ਅੰਗਰੇਜ਼ੀ ਵਿਚ ਲਿਖੇ ਸਨ। 'ਮੇਰੀ ਦਾਦੀ' ਬਾਅਦ ਵਿਚ ਕਲਕਤੇ ਦੇ 'ਮਾਡਰਨ ਰੀਵੀਊ' ਵਿਚ ਵੀ ਛਪਿਆ ਸੀ। ਇਸ ਤਰ੍ਹਾਂ ਇਕ ਖ਼ਾਸ ਲੀਹ ਉਤੇ ਉਹ ਬਚਪਨ ਤੋਂ ਹੀ ਤੁਰਿਆ ਹੋਇਆ ਸੀ, ਜੋ ਬਾਅਦ ਵਿਚ 'ਪ੍ਰੀਤ ਲੜੀ' ਤੇ 'ਪ੍ਰੀਤ ਨਗਰ' ਦੇ ਰੂਪ ਵਿਚ ਵਿਕਸਤ ਹੋਈ।

ਅਮਰੀਕਾ ਤੋਂ ਹੀ ਉਹ ਪਤਨੀ ਨੂੰ ਲਿਖਦਾ ਸੀ : "ਅੱਜ ਕਲ੍ਹ ਮੇਰਾ ਦਿਲ ਸਕੀਮਾਂ ਨਾਲ ਭਰਿਆ ਹੋਇਆ ਹੈ। ਮੇਰੇ ਤੇ ਸ਼ੇਖ ਚਿਲੀ ਵਿਚ ਥੋੜਾ ਹੀ ਫ਼ਰਕ ਹੈ।" ਫੇਰ ਲਿਖਦਾ ਹੈ, "ਅਖ਼ਬਾਰਾਂ ਵਾਲਿਆਂ ਨੇ ਮੇਰਾ ਨੱਕ ਵਿਚ ਦਮ ਲੈ ਆਂਦਾ ਹੈ। ਨਵੀਂ ਗੱਲ ਨੂੰ ਅਹੁੜ ਕੇ ਪੈਂਦੇ ਹਨ। **ਕੋਈ ਮੇਰੀ ਤਸਵੀਰ ਛਾਪਦਾ ਹੈ ਤੇ ਮਸ਼ਹੂਰ ਕਰਦਾ ਹੈ ਇਹ ਬੜਾ ਵਡਾ ਫਿਲਾਸਫਰ ਹੈ।** ਅਖ਼ਬਾਰਾਂ ਵਾਲੇ ਆਪਣਾ ਆਦਮੀ ਮੇਰੇ ਕੋਲ ਘਲਦੇ ਹਨ, ਤਾਂ ਜੋ ਮੈਂ ਉਹਨਾਂ ਨੂੰ ਆਪਣੀ ਬੇਅੰਤ ਵਿਦਿਆ ਦੇ ਭੰਡਾਰ ਵਿਚੋਂ ਕੋਈ ਖ਼ੈਰ ਪਾ ਦਿਆਂ। **ਆਪਣੇ ਦੇਸ ਵਿਚ ਮੈਨੂੰ ਕੋਈ ਪੁਛਦਾ ਨਹੀਂ, ਇਹਨਾਂ ਲੋਕਾਂ ਚੁਕ ਕੇ ਮੇਰਾ ਬੂੰਡਾ ਫੁਲਾ ਦਿਤਾ ਹੈ...ਮੈਨੂੰ** ਇਸ ਦੇਸ ਦੀ ਬਾਹਰਲੀ ਚੜ੍ਹਤ-ਭੜਕ ਤੇ ਅੰਦਰਲੇ ਖੋਖਲੇਪਣ ਨੇ ਅਕਾ ਦਿਤਾ ਹੈ। ਵਿਛੋੜੇ ਨੇ ਹਿਰਦਾ ਛਾਣਨੀ ਕਰ ਦਿਤਾ ਹੈ। ਪਿਆਰ ਕਰਾਵਣ ਦੀ ਖ਼ਾਹਿਸ਼ ਹੈ, ਮਿਲ ਕੇ ਬੈਠਣ ਦੀ ਰੀਝ ਹੈ ਤੇ ਪਿਆਰ-ਭਰੇ ਹੱਥਾਂ ਦੀ ਪਕੀ ਰੋਟੀ ਖਾਣ ਦੀ ਚਾਹ ਹੈ"। (22.8.1922)



(9) ਗੁਰਬਖ਼ਸ਼ ਸਿੰਘ ਦੀ ਸ਼ਰਧਾ ਦੇ ਪਾਤਰ 35-40 ਦੀ ਉਮਰ ਤਕ ਵੀ ਵਿਵੇਕਾਨੰਦ, ਰਾਮ ਤੀਰਥ, ਟੈਗੋਰ, ਗਾਂਧੀ, ਉਨ੍ਹੀਵੀਂ ਸਦੀ ਦੇ ਅੰਗਰੇਜ਼—ਅਮਰੀਕੀ ਕਵੀ ਤੇ ਫਿਲਾਸਫਰ—ਥੋਰੋ, ਐਮਰਸਨ, ਵਿਟਮੈਨ ਆਦਿ ਸਨ। ਉਰਦੂ ਕਵਿਤਾ ਰਾਹੀਂ ਉਸ ਨੇ ਇਕਬਾਲ ਦਾ ਵੀ ਅਸਰ ਕਬੂਲਿਆ ਹੋਵੇਗਾ। ਸ਼ੁਰੂ ਸ਼ੁਰੂ ਵਿਚ **ਬੰਦੇ ਮਾਤਰਮ** ਤੇ **ਅਕਾਲੀ** ਵਿਚ ਕਵਿਤਾਵਾਂ ਛਪਣ ਲਈ ਉਹ ਭੇਜਦਾ ਸੀ। ਮਾਰਕਸਵਾਦ ਜਾਂ ਸਮਾਜਵਾਦ ਬਾਰੇ ਉਸ ਨੂੰ ਕੋਈ ਗਿਆਨ ਨਹੀਂ ਸੀ। ਆਤੰਕਵਾਦੀਆਂ (ਬਾਗ਼ੀਆਂ) ਬਾਰੇ ਵੀ ਉਸ ਦੀ ਵਾਕਫ਼ੀ ਅਧੂਰੀ ਸੀ, ਜਿਵੇਂ ਕਿ 'ਅਣ-ਵਿਆਹੀ ਮਾਂ' ਤੋਂ ਪਤਾ ਲਗਦਾ ਹੈ। ਇਸ ਕਾਲ ਵਿਚ ਪੜ੍ਹੇ-ਲਿਖੇ, ਆਦਰਸ਼ਵਾਦੀ ਸਮਾਜ-ਸੁਧਾਰਕ ਬੁਧੀ-ਜੀਵੀਆਂ ਤੇ ਦੇਸ਼-ਭਗਤਾਂ ਵਿਚ ਖ਼ੁਦੀ, ਕਰਮਸ਼ੀਲਤਾ, ਕਰਮਠਤਾ ਦੀ ਭਾਵਕ ਲਗਨ ਵਧੇਰੇ ਸੀ ਜੋ ਆਪਣੇ ਦੇਸ਼ ਦੀ ਪੁਰਾਤਨ ਗੌਰਵਤਾ ਦੇ ਸੁਹਲੇ ਗਾਉਂਦੇ, ਇਸ ਦੀ ਪਰਾਧੀਨਤਾ ਨੂੰ ਖ਼ਤਮ ਕਰਨ ਦੀਆਂ ਗੱਲਾਂ ਉਤਸ਼ਾਹ ਨਾਲ ਕਰਦੇ ਸਨ। ਗੁਰਬਖ਼ਸ਼ ਸਿੰਘ ਨੇ ਇਸ ਮਧ-ਵਰਗ ਦੇ ਫਲਸਫੇ 'ਚੋਂ ਅਤੇ ਫੇਰ ਅਮਰੀਕਾ ਦੀ ਲਿਸ਼ਕ-ਪੁਸ਼ਕ ਵਾਲੀ ਬੁਰਜੁਆ ਕਲਚਰ ਤੋਂ ਪਰੇਰਨਾ ਲਈ ਸੀ, ਜਿਵੇਂ ਕਿ ਉਹ ਆਪਣੀ ਇਕ ਚਿੱਠੀ ਵਿਚ ਲਿਖਦਾ ਹੈ : "ਏਸ ਮੁਲਕ ਦੀ ਖ਼ੁਸ਼ਹਾਲੀ ਵੇਖ ਕੇ, ਤੈਨੂੰ ਕੀਹ ਦੱਸਾਂ, ਮੇਰੇ ਅੰਦਰ ਕਿਹੋ ਜਹੀਆਂ ਤਰੰਗਾਂ ਉਠਦੀਆਂ ਹਨ...ਮੈਂ ਡਾਹਡਾ ਬੇਸਬਰਾ ਹੋ ਰਿਹਾ ਹਾਂ। ਏਸ ਬੇਸਬਰੀ ਵਿਚੋਂ ਆਵਾਜ਼ ਉਠਦੀ ਹੈ : 'ਕੀ ਤੂੰ ਕੁਝ ਨਹੀਂ ਕਰ ਸਕਦਾ ?...ਕੀ ਤੇਰੇ ਵਿਚ ਲਿਆਕਤ ਨਹੀਂ, ਤਾਕਤ ਨਹੀਂ, ਧਨ ਨਹੀਂ ? ਪਰ ਕੰਮ ਕਰਨ ਵਾਲੇ ਸਾਰੇ ਅਮੀਰ ਤਾਂ ਨਹੀਂ ਹੁੰਦੇ" (19.12.21) "ਏਸ ਦੁਨੀਆਂ ਦੀ ਚਮਕ-ਦਮਕ ਤੋਂ ਮੇਰੀ ਤਬੀਅਤ ਘਬਰਾ ਰਹੀ ਹੈ...ਏਥੇ ਸਾਰਾ ਖਿਲਾਰਾ ਦੌਲਤ ਦਾ ਹੈ.. ਡਾਲਰ ਹੀ ਡਾਲਰ ਸਭ ਥਾਈਂ ਪਰਧਾਨ ਹੈ"।
(7 5.22)

ਇਸ ਤਰ੍ਹਾਂ ਗੁਰਬਖ਼ਸ਼ ਸਿੰਘ ਦੇ ਮੁਢਲੇ ਤੀਹ ਸਾਲਾਂ ਦੇ ਜੀਵਨ ਉਤੇ ਝਾਤ ਮਾਰਦੇ ਹੋਏ, ਜਿਸ ਬਾਰੇ ਬਹੁਤ ਸਾਰਾ ਪਤਾ ਪਤਨੀ ਦੇ ਨਾਂਅ ਉਸ ਦੀਆਂ ਚਿੱਠੀਆਂ ਤੋਂ ਮਿਲਦਾ ਹੈ ਅਸੀਂ ਇਹ ਜਾਣ ਸਕਦੇ ਹਾਂ ਕਿ ਉਸ ਦੀਆਂ ਮੁਢਲੀਆਂ ਰਚਨਾਵਾਂ ਇਸ ਤਰ੍ਹਾਂ ਦੀਆਂ ਕਿਉਂ ਹਨ। ਏਸੇ ਬਾਰੇ ਚਰਚਾ ਕਰਦੇ ਹੋਏ 25 ਸਾਲ ਪਹਿਲਾਂ ਇਕ ਵਿਦਵਾਨ ਨੇ ਇਹ ਲਿਖਿਆ ਸੀ :

ਗੁਰਬਖ਼ਸ਼ ਸਿੰਘ ਦਾ ਇਹ ਪਿਆਰ-ਸਿਧਾਂਤ ਸਿਰਫ਼ ਸਿਧਾਂਤ ਖ਼ਾਤਰ ਹੀ ਉਸ ਦੀਆਂ ਲਿਖਤਾਂ ਦਾ ਵਿਸ਼ਾ ਬਣਿਆ, ਇਸ ਸਿਧਾਂਤ ਦਾ ਅਸਲੀਅਤ ਨਾਲ ਕੋਈ ਸੰਬੰਧ ਨਹੀਂ ਸੀ। ਪਰ ਜਦੋਂ ਗੁਰਬਖ਼ਸ਼ ਸਿੰਘ ਦਾ ਮੰਤਵ ਇਸ ਸਿਧਾਂਤ ਨੂੰ ਜੀਵਨ ਵਿਚ ਵਿਗਸਦਾ ਹੋਇਆ ਦਿਖਾਣਾ ਸੀ ਤਾਂ ਉਸ ਵੇਖਿਆ ਕਿ ਇਸ ਦੇ ਰਸਤੇ ਵਿਚ ਸਮਾਜ (ਭੈੜੇ ਸਮਾਜਕ ਸੰਸਕਾਰਾਂ ਕਾਰਨ, ਵਿਅਕਤੀਆਂ) ਵਲੋਂ ਰੁਕਾਵਟਾਂ ਪਾਈਆਂ ਜਾਂਦੀਆਂ ਹਨ। ਇਸ ਲਈ ਸੁਭਾਵਕ ਹੀ ਉਹ ਇਹਨਾਂ ਰੁਕਾਵਟਾਂ ਦੇ ਵਿਰੁਧ ਹੋ ਗਿਆ, ਜਿਸ ਦਾ ਫਲ-ਰੂਪ ਸਮਾਜਕ ਸੁਧਾਰਕ ਕਹਾਣੀਆਂ ਆਦਿ ਸਨ.. ਏਸ ਸੰਬੰਧ ਵਿਚ ਸਭ ਤੋਂ ਵੱਡੀ ਗੱਲ ਚੇਤੇ ਰਖਣ ਵਾਲੀ ਹੈ ਕਿ ਉਸ ਵੇਲੇ ਦਾ ਗੁਰਬਖ਼ਸ਼ ਸਿੰਘ ਰਾਜਸੀ ਤੇ ਆਰਥਕ ਬਣਤਰ ਨੂੰ ਇਸ ਪਿਆਰ-ਭੁਖ ਦਾ ਕਾਰਨ ਤੇ ਪਿਆਰ-ਆਦਰਸ਼ ਦੀ ਪੂਰਤੀ ਦੇ ਰਸਤੇ ਵਿਚ ਰੁਕਾਵਟ ਨਹੀਂ ਸੀ ਸਮਝਦਾ। ਇਹੋ ਕਾਰਨ ਹੈ ਕਿ ਆਰਥਕ ਬਣਤਰ ਵਲ ਤੇ ਕਿਤੇ ਰਿਹਾ, ਰਾਜਸੀ ਗੁਲਾਮੀ ਵਲ ਵੀ ਉਸ ਦਾ ਕੋਈ ਇਸ਼ਾਰਾ ਨਹੀਂ ਮਿਲਦਾ। ਜੇ ਕਿਤੇ ਮਿਲਦਾ ਵੀ ਹੈ ਤਾਂ ਬੜਾ ਡਰੂ ਜਿਹਾ।...ਇਸ ਕਰਕੇ ਪਹਿਲੇ ਦੌਰ ਦੇ ਗੁਰਬਖ਼ਸ਼ ਸਿੰਘ ਬਾਰੇ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜ-ਸੁਧਾਰ ਲਈ ਉਹ ਸਮਾਜਕ ਭੈੜਾਂ ਨੂੰ ਸਾਡੇ ਸਾਹਮਣੇ ਰਖ ਕੇ ਉਸ ਦਾ ਹੱਲ ਇਸ

ਤਰ੍ਹਾਂ ਦੇਂਦਾ ਹੈ, ਜਿਹੜਾ ਜੀਵਨ ਦੀਆਂ ਕੌੜੀਆਂ ਸਚਾਈਆਂ ਅੱਗੇ ਇਕ ਪਲ ਵੀ ਨਹੀਂ ਠਹਿਰ ਸਕਦਾ। ਇਸ ਪੱਖ ਤੋਂ ਗੁਰਬਖ਼ਸ਼ ਸਿੰਘ ਨਾਨਕ ਸਿੰਘ ਵਰਗਾ ਹੀ ਸੀ...ਉਹ ਨਹੀਂ ਸੀ ਚਾਹੁੰਦਾ ਕਿ ਕੋਈ ਪਾਠਕ ਉਸ ਦੇ ਸਿਧਾਂਤ ਬਾਰੇ ਭੁਲੇਖੇ ਵਿਚ ਰਹੇ।"[11] ਪਰਤੱਖ ਹੈ ਕਿ ਗੁਰਬਖ਼ਸ਼ ਸਿੰਘ ਨੇ ਆਪਣੇ ਖੋਖਲੇ ਫਲਸਫ਼ੇ ਨੂੰ ਜਦ ਜਹਾਦ ਵਾਲੀ ਗਰਮੀ ਨਾਲ ਪੇਸ਼ ਕੀਤਾ ਤਾਂ ਸਿੱਟਾ ਇਹ ਨਿਕਲਿਆ ਕਿ ਯਥਾਰਥ ਦਾ ਪੱਲਾ ਉਸ ਹਥੋਂ ਛੁਟਕ ਗਿਆ।

---

1. **ਅਣਵਿਆਹੀ ਮਾਂ**, ਚੌਦਵਾਂ ਸੰਸਕਰਨ, ਪੰਨਾ 8 2. **ਸਾਹਿਤ ਸਮਾਚਾਰ**, ਗੁਰਬਖ਼ਸ਼ ਸਿੰਘ ਅੰਕ, ਦੂਜਾ ਸੰਸਕਰਨ, 1958, ਪੰਨਾ 115 3. **ਪ੍ਰੀਤ ਲੜੀ**, ਨਵੰਬਰ 1976, ਪੰਨਾ 55 4. ਜੀਤਾਂ ਦੇ ਨਾਂ ਚਿੱਠੀ, ਮਿਤੀ 22-6-21 5. ਚਿੱਠੀ 13-4-21 6. ਗੁਰਬਖ਼ਸ਼ ਸਿੰਘ : **'ਅਥਰੂਆਂ ਬਿਨਾਂ ਪੜ੍ਹਾਈ'**, ਪ੍ਰੀਤ ਲੜੀ, ਜਨਵਰੀ 78, ਪੰਨਾ 67 7. **ਪ੍ਰੀਤ ਲੜੀ**, ਜੁਲਾਈ 1976, ਪੰਨਾ 23 8. ਪਤੀ ਦੇ ਅਮਰੀਕਾ ਜਾਣ ਬਾਅਦ ਉਹ ਤਿੰਨ ਵਿਧਵਾ ਮਾਤਾਵਾਂ (ਦਾਦੀ ਸਮੇਤ) ਦੀ ਅਤੇ ਉਸ ਦੇ ਭੈਣ ਭਰਾਵਾਂ ਦੀ ਸੇਵਾ ਕਰਦੀ ਤੇ ਉਹਨਾਂ ਦੇ ਕਪੜੇ ਧੋਂਦੀ ਰਹੀ। ਦੋ ਭਰਾਵਾਂ ਨੂੰ ਐਮ. ਏ. ਪਾਸ ਕਰਵਾਇਆ। ਖਿੜੇ-ਮੱਥੇ ਬੋਲ ਕਬੋਲ ਸੁਣਦੀ ਹੋਈ ਵੀ ਉਹ ਸਾਂਝੇ ਪਰਵਾਰ ਦੇ ਤੋਰੇ-ਟਿਕੇ ਦੀ ਦੇਖ-ਰੇਖ ਕਰਦੀ ਰਹੀ। 9. ਚਿੱਠੀ-24-5-21 10. **ਪ੍ਰੀਤ ਲੜੀ**, ਜੁਲਾਈ 1976, ਪੰਨਾ 19, 11. ਅਮਰਜੀਤ ਸਿੰਘ : **ਸਾਹਿਤ ਸਮਾਚਾਰ**, ਉਪਰੋਕਤ, ਪੰਨਾ 157-58 (ਇਸ ਦਾ ਪਹਿਲਾ ਸੰਸਕਰਨ ਸ਼ਾਇਦ 1953 ਜਾਂ 1954 ਵਿਚ ਛਪਿਆ ਸੀ)

---


ਸੇਧ ਸੀਰੀਜ਼-1

**ਭਾਰਤ ਵਿਚ ਕਮਿਊਨਿਸਟ ਲਹਿਰ**

ਭਾਰਤ ਦੇ ਉਘੇ ਕਮਿਊਨਿਸਟ ਨੇਤਾ ਕੇ. ਦਾਮੋਦਰਨ ਦੀ ਪੁਸਤਕਾ 'ਇਕ ਕਮਿਊਨਿਸਟ ਦੀਆਂ ਯਾਦਾਂ।' ਸੇਧ ਦੇ ਏਜੰਟਾਂ ਕੋਲੋਂ ਪ੍ਰਾਪਤ ਕਰੋ ਜਾਂ ਸਿਧਿਆਂ ਸਾਨੂੰ ਲਿਖੋ।

ਮੁੱਲ : ਇਕ ਰੁਪਇਆ

**ਸਿੱਖ ਲਹਿਰ**

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ ਉਸ ਦੇ ਜਮਾਤੀ ਪੈਂਤੜੇ ਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ ਆਰਸੀ ਪਬਲਿਸ਼ਰਜ਼ ਦੀ ਇਹ ਪੁਸਤਕ ਸੇਧ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

•

ਨੋਟ : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮੰਨਜ਼ੂਰ ਹੈ।




## ਵਿਚਾਰ-ਵਟਾਂਦਰਾ

**"ਚੂ ਕੁਫ਼ਰ ਅਜ਼ ਕਾਅਬਾ" ਬਾਰੇ :** ਅਦਾਰਾ ਸੇਧ ਦਾ ਇਕ ਮਕਸਦ, ਆਪਣੇ ਦੌਰ ਦੇ ਪ੍ਰਮੁਖ ਸਾਹਿਤਕਾਰਾਂ ਦੀ ਸਾਹਿਤ-ਸਾਧਨਾ ਦਾ, ਪਰਖ-ਪੜਚੋਲ ਦੁਆਰਾ, ਮੁੱਲ ਪੁਆਉਣਾ ਹੈ। ਪ੍ਰੋ: ਹਿੰਮਤ ਸਿੰਘ ਸੋਢੀ ਤੇ ਪ੍ਰੋ: ਗੁਰਮੀਤ ਸਿੰਘ ਢੁਡੀਕੇ ਦੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਬਾਰੇ ਲੇਖ ਇਸੀ ਮਕਸਦ ਨੂੰ ਪੂਰਾ ਕਰਨ ਲਈ ਛਾਪੇ ਗਏ ਸਨ। ਗੁਰਮੀਤ ਸਿੰਘ ਹੋਰਾਂ ਦੇ ਲੇਖ (ਆਦਰਸ਼-ਵਾਦੀ-ਮਨੁਖਵਾਦੀ ਸ: ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਸੇਧ, ਅਕਤੂਬਰ 1978) ਉਪਰ ਮੇਰੀ, ਅਤੀ ਸੰਖੇਪ ਟਿਪਣੀ, ਉਪਰੋਕਤ ਮਿਥੇ ਮਕਸਦ ਦੀ ਹੀ ਤਰਜਮਾਨੀ ਹੈ।

ਗੁਰਮੀਤ ਸਿੰਘ ਹੋਰਾਂ ਬਜਾ ਫ਼ਰਮਾਇਆ ਹੈ ਕਿ 'ਵਾਰਤਕ ਸ਼ਬਦ-ਘਾੜਤ ਦੀ ਕਲਾ ਹੈ' (ਸੇਧ, ਦਸੰਬਰ 1978, ਪੰਨਾ 50)। ਜਦੋਂ ਮੈਂ 'ਕਾਮ' ਸ਼ਬਦ ਦੇ ਪ੍ਰਯੋਗ ਨੂੰ ਲੈ ਕੇ ਟਿਪਣੀ ਕੀਤੀ ਤਾਂ ਗੁਰਮੀਤ ਸਿੰਘ ਹੋਰੀਂ 'ਸਪਸ਼ਟੀਕਰਣ' ਦੇਂਦਿਆਂ ਲਿਖਦੇ ਹਨ ਕਿ, 'ਮੇਰਾ ਭਾਵ ਤਾਂ ਸਿਰਫ਼ ਜਿਨਸੀ-ਮੇਲ (ਸੈਕਸ) ਤੋਂ ਸੀ' (ਉਹੀ ਪੰਨਾ 51)। ਗੋਇਆ, ਉਨ੍ਹਾਂ ਨੂੰ 'ਸਪੱਸ਼ਟੀਕਰਣ' ਦੇਂਦਿਆਂ ਸ਼ਬਦ ਬਦਲਣ ਦੀ ਲੋੜ ਮਹਿਸੂਸ ਹੋਈ। ਸ਼ਬਦ ਬਦਲਣ ਦੀ ਇਹ ਲੋੜ, ਜ਼ਾਹਿਰ ਹੈ ਕਿ, ਉਨ੍ਹਾਂ ਦੀ ਸ਼ਬਦ-ਘਾੜਤ ਦੀ ਕਲਾ ਵਿਚ, (ਉਨ੍ਹਾਂ ਦੀ ਆਪਣੀ ਹੀ ਨਜ਼ਰ ਵਿਚ) ਕੋਈ ਦੋਸ਼ ਜ਼ਰੂਰ ਹੈ। ਸ਼ਬਦ-ਬਦਲਣ ਦੀ ਇਸ ਕਲਾ ਨੂੰ ਕੀ ਨਾਂ ਦਿਉਗੇ? ਜਦ ਕਿ, **ਸ਼ਬਦ ਬਦਲਣਾ, ਕਈ ਬਾਰ, ਪੈਂਤੜਾ ਬਦਲਣ ਦੇ ਬਰਾਬਰ ਹੁੰਦਾ ਹੈ।** ਪਰਿਭਾਸ਼ਕ ਸ਼ਬਦ ਬਦਲਣ ਮਗਰੋਂ ਜਦੋਂ ਗੁਰਮੀਤ ਸਿੰਘ ਹੋਰੀਂ ਅਜਿਹੇ ਪ੍ਰਸ਼ਨ ਪੁਛਦੇ ਹਨ ਕਿ, 'ਇਹ ਜਿਨਸੀ-ਮੇਲ ਕਿਸ ਤਰ੍ਹਾਂ ਹਾਕਮ-ਸ਼੍ਰੇਣੀ ਦੀ ਰੈਸ਼ਨੇਲ ਦੇ ਤਹਿਤ ਹੇਠ ਆਈ ਨਿੱਕ-ਬੁਰਜੁਆਜ਼ੀ ਦੀ ਚੇਤਨਾ ਹੈ' (ਉਹੀ ਪੰਨਾ 51) ਅਤੇ 'ਜੇ ਮਨੁਖ-ਇਸਤ੍ਰੀ ਜਿਨਸੀ-ਮੇਲ ਕੇਵਲ ਸਰੀਰਕ ਸੰਤੁਸ਼ਟੀ ਤੋਂ ਅਗੇ ਕੁਝ ਨਹੀਂ' (ਉਹੀ ਪੰਨਾ 51) ਆਦਿ, ਤਾਂ ਜ਼ਾਹਿਰ ਹੈ ਕਿ ਇਹ ਪ੍ਰਸ਼ਨ ਆਪਣੀ credability ਗੰਵਾ ਬੈਠਦੇ ਹਨ।

ਚੰਗਾ ਫਿਰ, ਗੱਲ ਜਿਨਸੀ-ਮੇਲ ਦੀ ਹੀ ਸਹੀ। ਜਿਨਸੀ-ਮੇਲ ਦਾ ਮਸਲਾ ਇੰਨਾ ਸਰਲ ਨਹੀਂ ਜਿੰਨਾ ਕਿ ਗੁਰਮੀਤ ਬਾਈ ਨੇ ਸਮਝਿਆ ਹੋਇਐ। ਉਹ ਲਿਖਦੇ ਹਨ, 'ਮੇਰਾ ਭਾਵ ਤਾਂ ਸਿਰਫ਼ ਜਿਨਸੀ-ਮੇਲ (ਸੈਕਸ) ਤੋਂ ਸੀ। ਇਸ ਰਿਸ਼ਤੇ ਨੂੰ ਮੈਂ ਪੂਰਨ ਰੂਪ ਬਾਈਲੋਜੀਕਲ ਸਮਝਦਾ ਹਾਂ' (ਉਹੀ, ਪੰਨਾ 51)। ਜਿਨਸੀ ਰਿਸ਼ਤੇ ਨੂੰ 'ਪੂਰਨ ਰੂਪ ਬਾਈਲੋਜੀਕਲ' ਸਮਝਣਾ ਹੀ ਮਨੁਖ ਨੂੰ ਪਸ਼ੂ ਦੀ ਪਧਰ ਉਤੇ ਲਿਆ ਖੜਾ ਕਰਨਾ ਹੈ। ਜ਼ਰੂਰਤ ਜਿਨਸੀ-ਮੇਲ ਦੇ ਅਜਿਹੇ ਰਿਸ਼ਤੇ ਦੀ humanization ਦੀ ਹੈ। 'ਮਨੁਖ' ਦੇ 'ਪੂਰਨ ਰੂਪ ਬਾਈਲੋਜੀਕਲ' ਪੜਾਅ ਤੋਂ ਵਿਕਸਿਤ human ਪੜਾਅ ਤਕ ਦੇ ਸਫ਼ਰ ਦੀ ਚਰਚਾ ਕਰਦਿਆਂ, Adolfo Sanchez Vazquez ਨੇ ਆਪਣੀ

ਕਿਰਤ, 'Art and Society—Essays in Marxist Aesthetics' (Merlin Press London, 1973) ਦੇ ਪੰਨਾ 75 ਉਪਰ ਲਿਖਿਆ ਹੈ :

'Labour permitted man to rise above objective nature by creating a world of humanized objects at the same time surmounting his own subjective nature and creating a human subjectivity. Man's senses also had to be humanized, for humanity is something that has to be wrested from nature, not something that is given directly. ਅਤੇ ਨਤੀਜਾ ਇਨ੍ਹਾਂ ਸ਼ਬਦਾਂ ਵਿਚ ਕਢਿਆ ਹੈ : 'This means that the senses also cease to be merely biological and become human !'

ਹੀਰ ਨੇ ਸੈਦੇ ਨਾਲ ਜਿਨਸੀ-ਮੇਲ ਦੇ 'ਪੂਰਨ ਰੂਪ ਬਾਈਲੋਜੀਕਲ' ਰਿਸ਼ਤੇ ਨੂੰ ਹੀ (ਜੇ 'ਕਾਮ' ਦੀ ਗੱਲ ਨਾ ਵੀ ਛੇੜੀਏ) ਜੀਊਣ ਤੋਂ ਇਨਕਾਰ ਕੀਤਾ ਸੀ। 'ਹੀਰ' ਦੀ ਕਹਾਣੀ ਇਸ਼ਕ ਦੀ ਕਹਾਣੀ ਹੈ। ਇਸ਼ਕ ਹੀਰ ਦਾ ਰਾਂਝੇ ਨਾਲ ਸੀ। ਇਸ਼ਕ, 'ਪੂਰਨ ਰੂਪ ਬਾਈਲੋਜੀਕਲ' ਜਿਨਸੀ-ਮੇਲ ਨਹੀਂ। **ਆਪਣੇ ਮਹਿਬੂਬ ਨੂੰ ਬਤੌਰ ਇਨਸਾਨ ਮਾਣਨਾ ਹੀ ਇਸ਼ਕ ਹੈ।** ਇਸ਼ਕ ਹੀ 'ਰੂਹ ਦਾ ਰੱਜ' ਹੈ। ਇਸੀ ਦੀ ਹੀਰ ਨੂੰ ਤਲਾਸ਼ ਸੀ। ਰਾਂਝਾ ਹੀ ਹੀਰ ਦੇ ਇਸ਼ਕ ਦਾ ਮੁਕਾਮ ਸੀ।

ਗੁਰਮੀਤ ਸਿੰਘ ਹੋਰਾਂ ਦੇ 'ਸਪੱਸ਼ਟੀਕਰਣ' ਦਾ ਸਿਲਸਿਲਾ ਅਜੇ ਮੁੱਕਾ ਨਹੀਂ। ਮੂਲ ਲੇਖ ਵਿਚ, ਉਹਨਾਂ ਨੇ, ਇਨ੍ਹਾਂ ਸ਼ਬਦਾਂ ਵਿਚ ਆਪਣਾ ਮੱਤ ਪੇਸ਼ ਕੀਤਾ ਸੀ, ਕਿ, 'ਉਹ ['ਪ੍ਰੀਤ ਲੜੀ'] ਪ੍ਰੋ. ਕਿਸ਼ਨ ਸਿੰਘ ਦੇ 'ਆਜ਼ਾਦ ਮਨੁਖ' ਤੇ 'ਆਜ਼ਾਦ ਔਰਤ' ਦੀ ਕਾਮਨਾ ਕਰਦਾ ਹੈ।' (ਸੇਧ, ਅਕਤੂਬਰ, 1978, ਪੰਨਾ 24-25)। ਮੈਂ, ਜਦੋਂ ਕਾਮਨਾ ਸ਼ਬਦ ਦੇ ਖ਼ਮੀਰ ਨੂੰ ਪੜਚੋਲਿਆ ਤਾਂ ਉਹ 'ਸਪੱਸ਼ਟੀਕਰਣ' ਵਜੋਂ ਕਹਿਣ ਲੱਗੇ, 'ਮੇਰਾ ਇਹ ਭਾਵ ਕਦਾਚਿਤ ਨਹੀਂ ਕਿ ਆਜ਼ਾਦ ਔਰਤ ਤੇ ਆਜ਼ਾਦ ਮਨੁੱਖ ਦੀ ਸ੍ਰ: ਗੁਰਬਖ਼ਸ਼ ਸਿੰਘ ਕਲਪਿਤ ਤਸਵੀਰ ਉਹੀ ਹੈ ਜੋ ਪ੍ਰੋ. ਕਿਸ਼ਨ ਸਿੰਘ ਨੇ ਪੇਸ਼ ਕੀਤੀ ਹੈ।.. ਮੇਰਾ ਭਾਵ ਤਾਂ ਗੁਰਬਖ਼ਸ਼ ਸਿੰਘ ਕਲਪਿਤ ਅਜਿਹੇ ਮਨੁੱਖਵਾਦ—ਵਿਗਿਆਨਕ ਸਮਾਜਵਾਦ—ਤੋਂ ਹੈ ਜਿਸ ਵਿਚ ਉਸ ਦਵਾਰਾ ਆਜ਼ਾਦ ਮਰਦ ਤੇ ਆਜ਼ਾਦ ਔਰਤ ਦੀ ਪ੍ਰੋ: ਕਿਸ਼ਨ ਸਿੰਘ ਵਿਆਖਿਆ ਦੀ ਕੇਵਲ ਕਲਪਨਾ ਕੀਤੀ ਗਈ ਹੈ,' ('ਸੇਧ', ਦਸੰਬਰ, 1978, ਪੰਨਾ 50)। ਜ਼ਰਾ ਇਹ ਫ਼ਿਕਰਾ ਮੁਲਾਹਿਜ਼ਾ ਫ਼ਰਮਾਈਏ, 'ਜਿਸ ਵਿਚ ਉਸ ਦਵਾਰਾ ਆਜ਼ਾਦ ਮਰਦ ਤੇ ਆਜ਼ਾਦ ਔਰਤ ਦੀ ਪ੍ਰੋ. ਕਿਸ਼ਨ ਸਿੰਘ ਵਿਆਖਿਆ ਦੀ ਕੇਵਲ ਕਲਪਨਾ ਕੀਤੀ ਗਈ ਹੈ।' ਮੂਲ ਲੇਖ ਵਿਚ ਘਟੋ ਘਟ ਗੱਲ ਤਾਂ ਸਪੱਸ਼ਟ ਸੀ, ਬੇਸ਼ਕ ਧਾਰਨਾ ਗ਼ਲਤ ਸੀ। ਵਾਰਤਕ, ਸ਼ਬਦ-ਘਾੜਤ ਦੀ ਹੀ ਨਹੀਂ, ਵਾਕ ਬਣਤਰ ਦੀ ਵੀ ਕਲਾ ਹੈ !

'ਗੁਰਮੀਤ ਸਿੰਘ ਦੇ ਪ੍ਰੋ ਕਿਸ਼ਨ ਸਿੰਘ ਦਾ ਮਦਾਹ' ਹੋਣ ਦੀ ਗੱਲ ਵੀ ਬੜੀ ਦਿਲਚਸਪ ਬਣਾ ਦਿਤੀ ਗਈ ਹੈ। ਮੈਂ ਲਿਖਿਆ ਸੀ ਕਿ, 'ਜ਼ੇਰੇ-ਬਹਿਸ ਲੇਖ ਤੋਂ ਗੁਰਮੀਤ ਸਿੰਘ ਦੇ ਗੁਰਬਖ਼ਸ਼ ਸਿੰਘ ਤੇ ਪ੍ਰੋ. ਕਿਸ਼ਨ ਸਿੰਘ ਦੋਹਾਂ ਦਾ ਮਦਾਹ ਹੋਣ ਦਾ ਵਿਸ਼ਵਾਸ ਬੱਝਦਾ ਹੈ' (ਸੇਧ, ਨਵੰਬਰ 1978, ਪੰਨਾ 49)। **ਗੱਲ ਦੋਹਾਂ ਦਾ ਮਦਾਹ ਹੋਣ ਦੀ ਸੀ।** ਕਿਸੀ ਦਾ ਮਦਾਹ ਹੋਣਾ ਕੋਈ ਮੇਹਣਾ ਨਹੀਂ। ਗੁਰਮੀਤ ਸਿੰਘ ਨੇ ਕਿਸ਼ਨ ਸਿੰਘ ਦੇ ਮਦਾਹ ਹੋਣ ਦੀ ਗੱਲ ਨੂੰ ਹੀ ਤੂਲ ਦੇਣ ਵਿਚ ਆਪਣਾ ਭਲਾ ਡਿੱਠਾ। ਮੈਂ ਆਪ ਗੁਰਬਖ਼ਸ਼ ਸਿੰਘ ਤੇ ਕਿਸ਼ਨ ਸਿੰਘ ਦੋਹਾਂ ਦਾ ਮਦਾਹ ਹਾਂ। ਪਰ



ਜਿਸ ਗੱਲ ਕਰਕੇ ਇਕ ਦਾ ਮਦਾਹ ਹਾਂ, ਉਸੀ ਗੱਲ ਕਰਕੇ ਦੂਸਰੇ ਦਾ ਨਹੀਂ। ਪ੍ਰੋ: ਕਿਸ਼ਨ ਸਿੰਘ ਦੀ ਮਾਰਕਸੀ ਸੂਝ ਦਾ ਮਦਾਹ ਹਾਂ ਤੇ ਗੁਰਬਖ਼ਸ਼ ਸਿੰਘ ਦੀ ਵਾਰਤਕ-ਸ਼ੈਲੀ ਦਾ। ਹਾਲਾਂਕਿ ਮੈਂ, ਸੁਚੇਤ ਪਧਰ ਉਤੇ ਸ਼ੈਲੀ ਨੂੰ ਵਿਚਾਰਧਾਰਕ ਸੰਘਰਸ਼ ਨਾਲੋਂ ਵਖਰਿਆ ਕੇ ਅਧਿਅਨ ਕਰਨ ਦੀ ਤਾਈਦ ਨਹੀਂ ਕਰਦਾ। ਪਰ. ਮੈਂ ਗੁਰਬਖ਼ਸ਼ ਸਿੰਘ ਦੀ ਰਚਨਾ ਨੂੰ ਜੇ ਪੜ੍ਹ ਕੇ ਅਜੇ ਵੀ ਹਲੂਣਿਆਂ ਜਾਂਦਾ ਹਾਂ ਤਾਂ, ਜ਼ਾਹਿਰ ਹੈ, ਕਿ, **ਮੇਰੇ ਸ਼ਊਰ ਵਿਚ ਕੋਈ ਦੋਸ਼ ਜ਼ਰੂਰ ਹੈ। ਮੈਂ ਇਸ ਨੂੰ ਆਪਣੀ ਕਮਜ਼ੋਰੀ ਹੀ ਖ਼ਿਆਲ ਕਰਦਾ ਹਾਂ। ਕਿਉਂਕਿ, ਇਹ ਤੱਥ ਇਸ ਗੱਲ ਦਾ ਪ੍ਰਮਾਣ ਹੈ, ਕਿ, ਅਜੇ ਮੇਰੀ ਲੋਕ-ਹਿੱਤ ਦੇ ਪੈਂਤੜੇ ਨਾਲ ਦਿਲੋਂ ਸਾਂਝ ਨਹੀਂ ਪਈ।**

'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ' ਵਿਚ ਬਿਆਨ 'ਇਸ਼ਕ' ਨੂੰ ਪਹਿਲੇ ਮੈਂ ਦੋਇਮ ਦਰਜੇ ਦਾ ਕਹਿ ਕੇ, ਇਸ ਦੀ ਵਸਤੂ ਬਾਰੇ ਆਪਣਾ ਮੱਤ ਪੇਸ਼ ਕੀਤਾ ਹੈ। ਫਿਰ ਇਸ ਰਚਨਾ ਦੀ ਸ਼ੈਲੀ ਨੂੰ ਮਸਨੂਈ ਦਸ ਕੇ, ਕੇਵਲ, ਇਸ ਦੇ ਸੁਭਾਅ ਵਲ ਸੰਕੇਤ ਕੀਤਾ ਹੈ। ਗੁਰਬਖ਼ਸ਼ ਸਿੰਘ ਦੀ ਸ਼ੈਲੀ ਦਾ, ਇਸ ਕਿਰਤ ਵਿਚਲਾ ਮਸਨੂਈਪਨ ਉਸ ਦੇ ਵਿਚਾਰਧਾਰਕ ਪੈਂਤੜੇ ਦੇ ਐਨ ਅਨੁਕੂਲ ਹੈ। ਇਸੀ ਲਈ ਅਜਿਹੀ ਸ਼ੈਲੀ ਨੂੰ ਵਾਜਬ ਕਰਾਰ ਦਿੱਤਾ ਸੀ।

ਗੁਰਮੀਤ ਸਿੰਘ ਹੋਰਾਂ ਦੇ ਉਪਭਾਵਕ ਹੋਣ ਦੇ ਸਬੰਧ ਵਿਚ ਮੈਂ ਤਾਂ ਸਿਰਫ਼ ਅੰਦੇਸ਼ਾ ਪ੍ਰਗਟ ਕੀਤਾ ਸੀ ਕਿ, 'ਕਿਧਰੇ ਇਹ ਤਾਂ ਨਹੀਂ ਕਿ ਗੁਰਬਖ਼ਸ਼ ਸਿੰਘ ਦੇ ਮਾਰਕਸਵਾਦ ਨੂੰ ਬਚਾਉਣ/ਸਚਿਆਉਣ ਲਈ ਗੁਰਮੀਤ ਸਿੰਘ ਉਪਭਾਵਕ ਹੋ ਗਿਆ ਹੋਵੇ,'—(ਸੇਧ, ਨਵੰਬਰ 1978 ਪੰ: 49)। ਕਿਉਂਕਿ, ਗੁਰਮੀਤ ਬਾਈ ਦਾ ਇਹ ਬਿਆਨ ਕਿ, 'ਉਹ ਪ੍ਰੋ. ਕਿਸ਼ਨ ਸਿੰਘ ਦੇ 'ਆਜ਼ਾਦ ਮਨੁਖ' ਤੇ 'ਆਜ਼ਾਦ ਔਰਤ' ਦੀ ਕਾਮਨਾ ਕਰਦਾ ਹੈ,' ਮੇਰੇ ਅੰਦੇਸ਼ੇ ਨੂੰ ਸਚਿਆਉਂਦਾ ਪ੍ਰਤੀਤ ਹੁੰਦਾ ਹੈ। ਜੇ ਬਿਆਨ ਇਸ ਪ੍ਰਕਾਰ ਹੁੰਦਾ (ਗੁਸਤਾਖ਼ੀ ਮੁਆਫ਼) ਕਿ, ਦੋਵੇਂ ਆਜ਼ਾਦ ਮਨੁਖ ਤੇ ਆਜ਼ਾਦ ਔਰਤ ਬਾਰੇ ਆਪਣਾ ਆਪਣਾ ਸੰਕਲਪ ਪੇਸ਼ ਕਰਦੇ ਹਨ, ਤਾਂ ਭੁਲੇਖਾ ਪੈਣ ਦੀ ਗੁੰਜਾਇਸ਼ ਹੀ ਨਾ ਹੁੰਦੀ। ਭੁਲੇਖੇ ਪਾਉਣਾ ਵੀ ਮੁੱਦਾਅ ਹੁੰਦਾ ਹੈ। ਪਰ, ਮੈਂ ਨਹੀਂ ਸਮਝਦਾ ਕਿ ਗੁਰਮੀਤ ਸਿੰਘ ਭੁਲੇਖ ਪਾਉਣ ਵਾਲਿਆਂ ਦੀ ਢਾਣੀ ਵਿਚੋਂ ਹੋਵੇ !

ਰਹੀ ਗੱਲ ਪ੍ਰੋ. ਕਿਸ਼ਨ ਸਿੰਘ ਦੇ ਮਾਰਕਸਵਾਦ ਨੂੰ ਮਾਡਲ ਦੇ ਤੌਰ ਉਤੇ ਸਵੀਕਾਰ ਕਰਨ ਦੀ। ਮੈਂ ਨਾ ਤਾਂ ਇਸ ਮਾਡਲ ਨੂੰ ਨਕਾਰਨ ਦੀ ਗੱਲ ਕੀਤੀ ਹੈ ਅਤੇ ਨਾ ਹੀ ਇਸ ਨੂੰ ਸਵੀਕਾਰ ਕਰਨ ਦੀ ਰੁਚੀ ਦੀ ਨਿਖੇਧੀ ਕੀਤੀ ਹੈ। ਮੈਂ ਜਦੋਂ ਇਸ ਸਬੰਧ ਵਿਚ ਇਨ੍ਹਾਂ ਲਫ਼ਜ਼ਾਂ ਵਿਚ ਚੇਤਾਵਨੀ ਦਿੱਤੀ ਹੈ ਕਿ 'ਆਪਣੇ ਸਾਹਿਤਕ ਤੇ ਸਭਿਆਚਾਰਕ ਵਿਰਸੇ ਨੂੰ ਮਾਰਕਸਵਾਦੀ ਸੂਝ ਦੇ ਅੰਤਰਗਤ ਸਮਝਣ-ਸਲਾਹੁਣ ਦੇ ਅਜਿਹੇ ਗੰਭੀਰ ਮਸਲੇ ਬਾਰੇ ਅਣਗਹਿਲੀ ਇਤਿਹਾਸ ਨੇ ਦਰਗੁਜ਼ਰ ਨਹੀਂ ਕਰਨੀ' (ਸੇਧ, ਨਵੰਬਰ 1978, ਪੰਨਾ 49) ਤਾਂ ਮੈਂ ਉਸ ਅਣਗਹਿਲੀ ਦਾ ਜ਼ਿਕਰ ਕਰ ਰਿਹਾ ਸੀ (ਮੈਂ ਇਥੇ ਕੋਈ ਸ਼ਬਦ-ਪਰੀਵਰਤਨ ਨਹੀਂ ਕਰ ਰਿਹਾ ਅਤੇ ਨਾ ਹੀ ਵਾਕ-ਬਣਤਰ ਵਿਚ ਕੋਈ ਤਬਦੀਲੀ, ਜਿਹੜੀ ਮੇਰੀ ਜਾਚੇ, ਗੁਰਮੀਤ ਸਿੰਘ ਨੇ ਕੀਤੀ ਸੀ) ਅਤੇ ਜਿਸ ਅਣਗਹਿਲੀ ਅਨੁਸਾਰ ਨਤੀਜਾ ਇਹ ਨਿਕਲਦਾ ਹੈ ਕਿ 'ਗੁਰਬਖ਼ਸ਼ ਸਿੰਘ ਤੇ ਪ੍ਰੋ. ਕਿਸ਼ਨ ਸਿੰਘ, ਦੋਹਾਂ ਦੀ ਆਜ਼ਾਦੀ ਦਾ ਪੈਂਤੜਾ ਇਕ ਹੈ'। ਖ਼ੈਰ, ਇਸ ਨੁਕਤੇ ਬਾਰੇ ਤਾਂ ਗੁਰਮੀਤ ਸਿੰਘ, ਨੇ 'ਸਪੱਸ਼ਟੀਕਰਣ' ਦੇਂਦਿਆਂ ਕਦੋਂ ਦੀ ਧਰਤੀ ਹੀ ਤਿਆਗ ਦਿੱਤੀ ਹੈ।

ਗੁਰਮੀਤ ਬਾਈ ਨੇ ਆਪਣਾ ਤਆਰੁਫ਼ ਕਰਾਉਂਦਿਆਂ ਆਪਣੇ ਆਪ ਨੂੰ ਮਹਿਮੂਦ ਗ਼ਜ਼ਨੀ ਵਾਂਗ ਬੁੱਤ-ਸ਼ਿਕਨ ਦਸਿਆ ਹੈ, ਚੰਗਾ ਨਹੀਂ ਕੀਤਾ। ਮਹਿਮੂਦ ਗ਼ਜ਼ਨੀ ਦੀ ਬੁੱਤ-ਸ਼ਿਕਨੀ ਪਿਛੇ ਬੁੱਤ-

ਫ਼ਰੋਸ਼ੀ ਦੀ ਤਮੰਨਾ ਹੀ ਕੰਮ ਕਰ ਰਹੀ ਸੀ। ਇਤਿਹਾਸ ਵਿਚ ਇਸ ਬਾਰੇ ਕੋਈ ਭੁਲੇਖਾ ਨਹੀਂ। ਬੁੱਤ-ਫ਼ਰੋਸ਼ੀ ਦੀ ਗੱਲ ਕਰਨ ਦੀ ਲੋੜ ਇਸ ਲਈ ਪਈ ਕਿ ਗੁਰਮੀਤ ਨੂੰ ਬੁੱਤ-ਫ਼ਰੋਸ਼ੀ ਤੋਂ ਸਖ਼ਤ ਨਫ਼ਰਤ ਹੈ। ਬਾਈ ਨੇ ਬੜੇ ਸਪੱਸ਼ਟ ਲਫ਼ਜ਼ਾਂ ਵਿਚ ਲਿਖਿਆ ਹੈ ਕਿ ਉਹ ਮਹਿਮੂਦ ਗ਼ਜ਼ਨੀ ਵਾਂਗ ਬੁੱਤ-ਸ਼ਿਕਨ ਹੈ, ਬੁੱਤ-ਪੂਜ ਜਾਂ ਬੁੱਤ ਫ਼ਰੋਸ਼ ਨਹੀਂ। ਨਾ ਚਾਹੁੰਦਿਆਂ ਹੋਇਆਂ ਵੀ ਬਾਈ ਨੇ ਆਪਣੇ ਆਪ ਨੂੰ ਬੁੱਤਫ਼ਰੋਸ਼ਾਂ ਦੀ ਕਤਾਰ ਵਿਚ ਖੜਾ ਕਰ ਲਿਆ ਹੈ। ਨਾਲੇ, ਬੁੱਤ-ਪੂਜ ਹੋਣੋ ਵੀ ਇਨਕਾਰੀ ਹੈ। ਪਰ ਗ਼ਜ਼ਨੀ ਤਾਂ 'ਬੁੱਤ-ਪੂਜ' ਸੀ। ਬਕੌਲ ਇਕਬਾਲ, ਇਹ ਵਖਰੀ ਗੱਲ ਹੈ :

'ਨਾ ਵੋਹ ਇਸ਼ਕ ਮੇਂ ਰਹੀਂ ਗਰਮੀਆਂ, ਨਾ ਵੋਹ ਹੁਸਨ ਮੇਂ ਰਹੀਂ ਸ਼ੋਖ਼ੀਆਂ,
ਨਾ ਵੋਹ ਗਜ਼ਨਵੀ ਮੇਂ ਤੜਪ ਰਹੀ, ਨਾ ਵੋਹ ਖ਼ਮ ਹੈਂ ਜ਼ੁਲਫ਼ੇ ਅਯਾਜ਼ ਮੇਂ।'

ਗੁਰਮੀਤ ਭਾ ਦੀ ਇਹ ਮੰਗ ਬੜੀ ਜਾਇਜ਼ ਹੈ ਕਿ ਮੈਂ 'ਗੁਰਬਖ਼ਸ਼ ਸਿੰਘ ਦੀਆਂ ਕਿਰਤਾਂ ਦਾ ਵਿਸਥਾਰ-ਪੂਰਵਕ ਮੁਲਾਂਕਣ' ਪੇਸ਼ ਕਰਾਂ। ਮੈਂ ਜ਼ਰੂਰ ਜਤਨ ਕਰਾਂਗਾ। 'ਨਾਲ ਨਾਲ' ਤਾਂ ਵਿਚਾਰ-ਵਟਾਂਦਰਾ ਹੀ ਸੰਭਵ ਸੀ। ਖ਼ੈਰ, ਇਸ ਬਹਿਸ ਵਿਚੋਂ ਇਕ ਨਵਾਂ ਮਜ਼ਮੂਨ ਤਾਂ ਉਭਰ ਕੇ ਆਇਆ—ਗੁਰਬਖ਼ਸ਼ ਸਿੰਘ ਤੇ ਕਿਸ਼ਨ ਸਿੰਘ ਦੋਹਾਂ ਦਾ ਮਾਰਕਸਵਾਦੀ ਪੈਂਤੜੇ ਤੋਂ ਅਧਿਐਨ। ਕਿਉਂਕਿ ਅਜੇ ਤਕ ਤਾਂ ਕਿਸ਼ਨ ਸਿੰਘ ਦੀ ਸੰਤ ਸਿੰਘ ਸੇਖੋਂ ਦੇ ਮੰਦਰਭ ਵਿਚ ਹੀ ਗੱਲ ਕੀਤੀ ਜਾਂਦੀ ਸੀ। ਇਸ ਨਵੇਂ ਮਜ਼ਮੂਨ ਨੂੰ ਸਾਹਮਣੇ ਲਿਆਉਣ ਦਾ ਸੇਹਰਾ ਗੁਰਮੀਤ ਸਿੰਘ ਦੇ ਹੀ ਸਿਰ 'ਤੇ ਹੈ। ਮੈਂ, ਗੁਰਮੀਤ ਦਾ ਇਸ ਗੱਲੋਂ ਬਹੁਤ ਮਸ਼ਕੂਰ ਹਾਂ।

—ਹਰਚਰਨ ਸਿੰਘ ਸੋਬਤੀ

**ਆਓ ਸੇਧ ਲੱਭੀਏ :** ਮਾਰਕਸਵਾਦ ਲੈਨਿਨਵਾਦ ਸਮੇਂ ਦਾ ਉਹ ਸੱਚ ਹੈ ਜਿਸ ਵਿਚ ਸੂਈ ਦੇ ਨੱਕੇ ਜਿੰਨਾਂ ਵੀ ਝੂਠ ਨਹੀਂ ਹੈ। ਜਦੋਂ ਸਾਰੀ ਦੁਨੀਆਂ ਉਤੇ ਕਮਿਊਨਿਜ਼ਮ ਸਥਾਪਤ ਹੋ ਜਾਏ, ਤੱਦ ਜੇ ਸੰਸਾਰ ਸਮਝੇ ਕਿ ਇਸ ਵਿਚ ਕੋਈ ਤਬਦੀਲੀ ਚਾਹੀਦੀ ਹੈ ਤਾਂ ਹੋ ਸਕਦਾ ਹੈ ਕੁਝ ਹੋਵੇ। 'ਸਮਝੇ' ਦਾ ਭਾਵ ਇਹ ਹੈ ਕਿ ਮਾਰਕਸਵਾਦ ਲੈਨਿਨਵਾਦ ਇਕ ਚਲਦਾ ਸਿਧਾਂਤ ਹੈ। ਇਹ ਮੰਨਦਾ ਹੈ ਕਿ ਕੁਝ ਵੀ ਅਟੱਲ ਨਹੀਂ। ਜੇ ਕੁਝ ਅਟੱਲ ਹੈ ਤਾਂ ਉਹ ਤਬਦੀਲੀ ਹੈ ਜੋ ਘੜੀ ਘੜੀ ਪਲ ਪਲ ਹੋਈ ਜਾਂਦੀ ਹੈ। ਜਦੋਂ ਮੁੱਢ ਹੀ ਕਿਸੇ ਰੁੱਖ ਦਾ ਪੁੱਟ ਦੇਈਏ ਤਾਂ ਫਿਰ ਉਹ ਸੁੱਕ ਜਾਂਦਾ ਹੈ ਅਤੇ ਚੀਰਿਆ ਫਾੜਿਆ ਤੇ ਬਾਲਿਆ ਜਾਂਦਾ ਹੈ।

ਕੋਈ ਵੀ ਵਾਦ, ਚਾਹੇ ਉਹ ਬੁਰਜਵਾ ਹੋਵੇ ਜਾਂ ਜਗੀਰੂ ਉਸ ਨੂੰ ਕਿਸੇ ਨਾ ਕਿਸੇ ਮੁੱਠ ਵਿਚ ਬੱਝਣਾ ਹੁੰਦਾ ਹੈ ਤਾਂ ਹੀ ਉਹ ਚੱਲ ਸਕਦਾ ਹੈ। ਉਹ ਮੁੱਠ ਕਿਹੋ ਜਹੀ ਹੈ? ਇਹ ਉਹਨਾਂ ਦੇ ਨਿਜ਼ਾਮ ਦੇ ਮੁਤਾਬਕ ਹੋ ਸਕਦੀ ਹੈ। ਮਾਰਕਸਵਾਦ ਲੈਨਿਨਵਾਦ ਸੰਸਾਰ ਦੀ ਇਕ ਅਜਿਹੀ ਮੁੱਢਲੀ ਲੋੜ ਹੈ ਜਿਸ ਬਿਨਾਂ ਸਾਡੀਆਂ ਸੱਚੀ ਕਮਾਈ ਤੇ ਸੱਚੀ ਸੋਚ ਦੀਆਂ ਆਸਾਂ ਪੂਰੀਆਂ ਨਹੀਂ ਹੋ ਸਕਦੀਆਂ। ਉਸ ਵਾਸਤੇ ਕਿੰਨਾਂ ਜ਼ਰੂਰੀ ਹੈ ਇਕ-ਮੁੱਠ ਹੋਣਾ। ਇਸ ਉਤੇ ਮਾਰਕਸ ਤੇ ਲੈਨਿਨ ਨੇ ਬੜਾ ਖੁਲ੍ਹ ਕੇ ਕਿਹਾ ਹੈ, ਕੀਤਾ ਹੈ, ਬਣਾਇਆ ਹੈ, ਢਾਹਿਆ ਹੈ, ਸੇਧ ਦਿੱਤੀ ਹੈ।

ਅੱਜ ਕੱਲ ਇਸ ਸਿਧਾਂਤ ਉਤੇ ਬਹੁਤ ਲਿਖਿਆ ਜਾ ਰਿਹਾ ਹੈ ਅਤੇ ਨਾਲ ਨਾਲ ਹੀ ਖੱਬੇ ਮੁਹਾਜ਼ ਦਾ ਰੌਲਾ ਵੀ ਪਾਇਆ ਜਾ ਰਿਹਾ ਹੈ। ਇਹੋ ਜਿਹੇ ਲੇਖ ਲਿਖੇ ਜਾ ਰਹੇ ਹਨ ਜਿਨ੍ਹਾਂ ਦਾ ਕੋਈ ਭਾਵ ਅਰਥ ਨਹੀਂ ਹੈ ਸਵਾਏ ਇਕ ਗੁੰਝਲ ਪਾਉਂਦਾ ਹੈ, ਦੂਜਾ ਖੋਲ੍ਹਦਾ ਹੈ। ਕਿਉਂਕਿ ਜੱਦ ਲਿਖਣ ਵਾਲੇ ਦਾ ਆਪਣਾ ਦਿਮਾਗ਼ ਸਾਫ਼ ਤੇ ਇਮਾਨਦਾਰ ਨਾ ਹੋਵੇ ਉਹ ਠੀਕ ਗੱਲ ਕਹਿ ਨਹੀਂ



ਸਕਦਾ। ਉਹ ਗੱਲ ਗਲਤ ਹੈ ਕਿ ਸਹੀ—ਇਹ ਵੱਖਰੀ ਗੱਲ ਹੈ। ਲਿਖਣ ਵਾਲਾ ਆਪ ਸਾਫ਼ ਹੋਣਾ ਚਾਹੀਦਾ ਹੈ ਤਾਂ ਹੀ ਉਹ ਕਿਸੇ ਦੇ ਪੱਲੇ ਕੁਝ ਪਾ ਸਕਦਾ ਹੈ। ਕੁਝ ਲੇਖ ਲਿਖਣ ਵਾਸਤੇ ਹੀ ਲਿਖੇ ਜਾਂਦੇ ਹਨ ਜਿਸ ਤਰ੍ਹਾਂ ਵਿਹਲਾ ਸਮਾਂ ਬਿਤਾਉਣ ਲਈ ਦੋ ਹਾਣੀ ਬਾਰਾਂ ਟਾਹਣੀ ਵਾਹ ਕੇ, ਟਾਹਣੀਆਂ ਚੱਲ ਕੇ, ਵਕਤ ਕਟੀ ਕਰ ਲੈਂਦੇ ਹਨ। ਸਮੇਂ ਨੂੰ ਧੱਕੇ ਦਿੱਤੇ ਜਾਂਦੇ ਹਨ। ਉਹ ਲੇਖ ਕਾਹਦੇ ਲਈ ਲਿਖੇ ਜਾਂਦੇ ਹਨ? ਕਿੰਨ੍ਹਾਂ ਲਈ ਲਿਖੇ ਜਾਂਦੇ ਹਨ? ਉਹ ਕੀ ਕੰਮ ਕਰਨਗੇ? ਉਹਨਾਂ ਦਾ ਕੀ ਫਰਜ਼ ਹੈ? ਇਸ ਪਾਸੇ ਵਲ ਕਿਸੇ ਦਾ ਰੁੱਖ ਨਹੀਂ ਹੁੰਦਾ ਅਤੇ ਪੜ੍ਹਨ ਵਾਲੇ ਵੀ ਨਸ਼ਾ ਪੂਰਾ ਕਰਦੇ ਅਤੇ ਆਪਣਾ ਠਰਕ ਝਾੜਦੇ ਹਨ।

ਸਾਲਾਂ ਤੋਂ ਇਹ ਲੇਖਬਾਜ਼ੀ ਚਲ ਰਹੀ ਹੈ ਪਰ ਬਣਿਆ ਕੁਝ ਨਹੀਂ। ਸਗੋਂ ਵਿਗੜਿਆ ਹੀ ਹੈ। ਬਾਹਰੋਂ ਤੱਲਾਅ ਵਿਚ ਢੀਮਾਂ ਮਾਰੀਆਂ ਜਾ ਰਹੀਆਂ ਹਨ, ਲਹਿਰਾਂ ਕੰਢਿਆਂ ਤੱਕ ਜਾਂਦੀਆਂ ਹਨ ਤੇ ਬੱਸ! ਲਹਿਰਾਂ ਤੇ ਸਾਡੀ ਆਮ ਆਵਾਜ਼ ਦੀਆਂ ਵੀ ਧਰਤੀ 'ਤੇ ਖਿਲਰ ਜਾਂਦੀਆਂ ਹਨ ਪਰ ਉਹ ਕਿਹੜੀਆਂ ਆਵਾਜ਼ਾਂ ਹਨ ਜੋ ਠੋਸ ਸ਼ਕਲ ਅਖਤਿਆਰ ਕਰਦੀਆਂ ਹਨ, ਸਾਨੂੰ ਉਹਨਾਂ ਵਲ ਧਿਆਨ ਦੇਣਾ ਚਾਹੀਦਾ ਹੈ। ਮਾਰਕਸਵਾਦ ਲੈਨਿਨਵਾਦ ਦੇ ਨਿਸ਼ਾਨੇ ਉਤੇ ਜੇ ਸਾਡੇ ਅਮਲ ਦੀ ਕਮਾਨ ਵਿਚੋਂ ਗਿਆਨ ਦਾ ਤੀਰ ਚੱਲ ਕੇ ਠੀਕ ਨਿਸ਼ਾਨੇ 'ਤੇ ਨਹੀਂ ਵੱਜਦਾ ਤਾਂ ਸਾਡੀਆਂ ਸਾਰੀਆਂ ਵਿਦਵਤਾਵਾਂ ਅਤੇ ਕੋਸ਼ਿਸ਼ਾਂ ਬੇ-ਅਰਥ ਜਾਂਦੀਆ ਰਹਿਣਗੀਆਂ। ਨਿਸ਼ਾਨੇ ਬਦਲਦੇ ਰਹਿੰਦੇ ਹਨ ਕਿਉਂਕਿ ਪੱਥਰ ਵੀ ਬਦਲਦੇ ਹਨ। ਜੇ ਕੁਝ ਥਿਰ ਹੈ ਤਾਂ ਉਹ ਖ਼ਲਾਅ ਹੀ ਖ਼ਲਾਅ ਹੈ ਜਿਸ ਵਿਚ ਕੁਝ ਵੀ ਪਿਆ ਹੋਵੇ ਉਹ ਖ਼ਲਾਅ ਖ਼ਲਾਅ ਹੀ ਰਹਿੰਦਾ ਹੈ। ਇਸ ਤਰ੍ਹਾਂ ਕਰਦਿਆਂ ਤਾਕਤ ਜ਼ਾਇਆ, ਜ਼ਿੰਦਗੀ ਜ਼ਾਇਆ ਅਤੇ ਕਈ ਵਾਰੀ ਇਕ ਪੀੜ੍ਹੀ ਦੀ ਪੀੜ੍ਹੀ ਹੀ ਜ਼ਾਇਆ ਹੋ ਜਾਂਦੀ ਹੈ।

ਦੋਂਹ ਲਫ਼ਜ਼ਾਂ ਵਿਚ ਮੁਕਾਈਏ ਤਾਂ ਮਾਰਕਸਵਾਦ ਲੈਨਿਨਵਾਦ ਕੀ ਹੈ? **ਇਹ ਸਰਬਹਾਰੇ ਦੀ ਵਿਦਿਆ ਹੈ।** ਉਸ ਦੀ ਲੰਬੜਦਾਰੀ ਥੱਲੇ ਹੀ ਕਮਿਊਨਿਜ਼ਮ ਪੰਚਾਇਤ ਬਣ ਸਕਦੀ ਹੈ। ਉਸ ਨੂੰ ਲੰਬੜਦਾਰੀ ਪੜ੍ਹਾਉਣ ਵਾਸਤੇ ਕਿਸ ਕਿਸ ਨੂੰ ਨਾਲ ਲੈਣਾ ਹੈ? **ਇਹ ਉਸ ਮੁੱਠ ਦੀ ਗੱਲ ਹੈ ਜਿਹੜੀ ਉਸ ਨੇ ਜ਼ਾਬਤੇ ਦੀ ਬਣਾਉਣੀ ਹੈ।**

ਕਾਮਰੇਡ ਲੈਨਿਨ ਜਦ ਕਦੀ ਪਰਬੰਧਕੀ ਤੇ ਜ਼ਾਬਤੇ ਪਾਸਿਉਂ ਗਲ ਪ੍ਰਤੱਖ ਕਰਦੇ ਸਨ ਤਾਂ ਆਮ ਕਰਕੇ ਮਸ਼ੀਨ ਦੀ ਮਿਸਾਲ ਦੇਂਦੇ ਸਨ, ਜਿਹੜੀ ਹਰ ਸਾਧਾਰਨ ਕਾਮਰੇਡ ਦੀ ਸਮਝ ਦਾ ਹਿੱਸਾ ਬਣ ਜਾਂਦੀ ਸੀ ਅਤੇ ਉਹਦੀ ਸਮਝ ਨੂੰ ਖੰਭ ਲੱਗ ਜਾਂਦੇ ਸਨ। ਕਿਤਨੇ ਵੀ ਚੰਗੇ ਪੁਰਜ਼ੇ ਹੋਣ ਜਿਨ੍ਹਾਂ ਦੀ ਬਣਾਵਟ ਵਿਚ ਹਵਾ ਜਿਨ੍ਹਾਂ ਵੀ ਫਰਕ ਨਾ ਹੋਵੇ, ਜਦ ਤਕ ਉਹ ਸਾਰੇ ਮਿਲ ਕੇ ਇਕ ਮਸ਼ੀਨ ਦੀ ਸ਼ਕਲ ਅਖਤਿਆਰ ਨਹੀਂ ਕਰਦੇ ਉਹ ਕਿਸੇ ਕੰਮ ਦੇ ਨਹੀਂ ਹੁੰਦੇ। ਜਿਹੇ ਗੀਟੇ ਰੋੜੇ ਤਹੇ ਉਹ। ਜੇ ਹਰ ਪੁਰਜ਼ਾ ਰੌਲੀ ਪਾਈ ਜਾਏ ਕਿ ਮੈਂ ਠੀਕ ਹਾਂ, ਮੈਂ ਠੀਕ ਹਾਂ, ਤਾਂ ਕੋਈ ਵੀ ਕੰਮ ਨਹੀਂ ਹੋ ਸਕਦਾ। ਰੌਲਿਆਂ ਵਿਚ ਟਕਰਾਉਂਦਿਆਂ ਹੋਇਆਂ ਪੁਰਜ਼ਿਆਂ ਵਿਚ ਨੁਕਸ ਤੇ ਭਾਵੇਂ ਪੈ ਜਾਏ।

ਅਜ ਸਭ ਤੋਂ ਪਹਿਲੀ ਜਿਹੜੀ ਮੁਢਲੀ ਗੱਲ ਹੈ ਉਹ ਕੀ ਹੈ? **ਮਾਰਕਸੀ ਲੈਨਿਨੀ ਬੁਧੀਜੀਵੀਆਂ ਨੂੰ ਸੋਚਣਾ ਚਾਹੀਦਾ ਹੈ** (ਜੇ ਫ਼ੈਸ਼ਨਦਾਰ ਮਾਰਕਸੀਏ ਲੈਨਿਨੀਏ ਨਹੀਂ ਬਣੇ ਤੇ।)

ਸਭ ਤੋਂ ਪਹਿਲਾਂ ਇਹ ਗੱਲ ਸੋਚਣ ਵਾਲੀ ਹੈ ਕਿ ਕਮਿਊਨਿਸਟ ਪਾਰਟੀ ਬਿਨਾਂ ਇਨਕਲਾਬ ਨਹੀਂ ਆ ਸਕਦਾ। ਉਂਜ ਭਾਵੇਂ ਕਰੋੜਾਂ ਮਾਰਕਸੀਏ ਬਣਦੇ ਫਿਰਨ। ਜੇ ਇਹ ਸੱਚ ਹੈ ਕਿ ਸਿੱਧਾ ਰਾਹ ਇਕੋ ਹੁੰਦਾ ਹੈ ਤਾਂ ਸਮੇਂ ਦਾ ਸੱਚ ਵੀ ਇਕੋ ਹੁੰਦਾ ਹੈ ਅਤੇ ਕਮਿਊਨਿਸਟ ਪਾਰਟੀ ਵੀ ਹਰ ਦੇਸ਼ ਵਿਚ ਇਕੋ ਹੁੰਦੀ ਹੈ। ਸਾਂਝੇ ਖੱਬੇ ਮੁਹਾਜ਼ ਉਤੇ ਸਾਡਾ ਨਿਸ਼ਾਨਾ ਤਾਂ ਹੀ ਠੀਕ ਵੱਜ ਸਕਦਾ ਹੈ

ਜੇ ਦੇਸ਼ ਵਿਚ ਇਕ ਕਮਿਊਨਿਸਟ ਪਾਰਟੀ ਦੇ ਸਿਧਾਂਤ ਨੂੰ ਲਾਗੂ ਕਰੀਏ ।

ਮੈਂ ਇਕ ਗੱਲ ਸਪੱਸ਼ਟ ਕਰਦਿਆਂ ਕਿ ਮੇਰੇ ਇਹ ਖ਼ਿਆਲ ਉਹਨਾਂ ਲਈ ਹਨ ਜਿਹੜੇ ਭਾਰਤ ਵਿਚ ਸੱਚੇ ਸੁੱਚੇ ਦਿਲ ਨਾਲ ਸੋਸ਼ਲਿਸਟ ਇਨਕਲਾਬ ਲਿਆਉਣਾ ਚਾਹੁੰਦੇ ਹਨ । (ਜਿਹਨਾਂ ਨੂੰ ਜੀਵਨ ਵਿਚ ਇਸ ਦੀ ਲੋੜ ਨਹੀਂ, ਸਿਰਫ਼ ਦਿਮਾਗ਼ੀ ਸ਼ੁਗਲ ਲੈਂਦੇ ਹਨ ਉਹਨਾਂ ਲਈ ਨਹੀਂ । ਕਿਉਂ ਕਿ ਬਹੁਤਿਆਂ ਲੇਖਾਂ ਵਿਚ ਮੈਂ ਬੜੀ ਬੜੀ ਚਾਲ ਨਾਲ ਫੜਕ ਰਹੀ ਕਾਣੀ ਅੱਖ ਤੱਕ ਰਿਹਾ ਹਾਂ । ਸੱਚਿਆਂ ਸੁੱਚਿਆਂ ਨੂੰ ਅਜ ਬੜੇ ਚੇਤੰਨ ਹੋਣ ਦੀ ਲੋੜ ਹੈ ।)

ਅਜ ਕਈ ਅਤੇ ਕਈਆਂ ਸ਼ਕਲਾਂ ਵਿਚ ਕਈ ਕਮਿਊਨਿਸਟ ਪਾਰਟੀਆਂ, ਸੋਸ਼ਲਿਸਟ ਪਾਰਟੀਆਂ ਖੜ੍ਹੀਆਂ ਅਤੇ ਫਿਰਦੀਆਂ ਦਿਸ ਰਹੀਆਂ ਹਨ । ਕਈ ਕਈ ਲੇਖ ਤੇ ਨੁਕਤਾਚੀਨੀਆਂ ਅਤੇ ਮੀਆਂ ਮਿੱਠੂ ਬਣ ਬਣ ਕੇ ਵਿਚਰ ਰਹੀਆਂ ਹਨ ਜਾਂ ਇਸ਼ਤਿਹਾਰੀ ਹਨ । ਭਾਰਤ ਵਿਚ ਚਾਲ੍ਹੀ ਸਾਲਾਂ ਤੋਂ ਉਤੇ ਇਸ ਸਿਧਾਂਤ ਨੂੰ ਜਥੇਬੰਦ ਹੋਏ ਨੂੰ ਹੋ ਗਏ ਹਨ । ਇਸ ਪਿਛੇ ਬੜੀ ਵੱਡੀ ਤਾਰੀਖ਼ ਹੈ । ਉਸ ਤਾਰੀਖ਼ ਵਿਚ ਕੀ ਕੁਝ ਹੁੰਦਾ ਰਿਹਾ ? ਸਹੀ ਕੀ ਸੀ ? ਗ਼ਲਤ ਕੀ ਸੀ ? ਇਸ ਲੇਖ ਵਿਚ ਉਹ ਕੁਝ ਦੱਸਣਾ ਮੇਰੇ ਇਸ ਲੇਖ ਦਾ ਕੰਮ ਨਹੀਂ ਹੈ ।

ਜਦ ਇਸ ਢੰਗ ਨਾਲ ਨਿਰਨਾ ਕਰ ਲਈਏ ਅਤੇ ਫੇਰ ਅੰਦਰੋਂ ਬਾਹਰੋਂ ਨੁਕਤਾਚੀਨੀ ਅਤੇ ਕੰਮ ਕਰੀਏ ਤੇ ਲੇਖ ਲਿਖੀਏ ਅਤੇ ਲੇਖ ਵੀ ਉਹ ਜਿਹੜੇ ਸਾਧਾਰਨ ਸਾਥੀਆਂ ਦੇ ਪੱਲੇ ਪੈ ਜਾਣ ਤਾਂ ਹੀ ਸਾਡੀ ਮੇਹਨਤ ਸਫ਼ਲ ਹੋ ਸਕਦੀ ਹੈ । ਨਹੀਂ ਤੇ ਨੇਕੀ ਕਰ ਦਰਿਆ ਮੇਂ ਡਾਲ ਵਾਲੀ ਗੱਲ ਹੋਵੇਗੀ । ਬੇੜੀ ਕਿਸੇ ਪਾਸੇ ਨਹੀਂ ਲੱਗੇਗੀ ਅਤੇ ਨਾ ਹੀ ਦੇਸ਼ ਦੀ ਨਿਜਾਤ ਲਈ ਖੱਬਾ ਮੁਹਾਜ਼ ਇਕਮੁੱਠ ਹੋ ਕੇ ਘੋਲ ਕਰੇਗਾ ।

ਸਾਡੇ ਕੋਲ ਵਿਰੋਧ ਵਿਕਾਸ ਦੀ ਕਸਵੱਟੀ ਹੈ, ਪਿਛਲੀ ਤਾਰੀਖ਼ ਦੇ ਵਰਕੇ ਹਨ, ਜਦੋ-ਜਹਿਦਾਂ ਦੇ ਨਕਸ਼ੇ ਹਨ, ਸ਼ਹੀਦੀਆਂ ਹਨ, ਕਾਰਾਗਰ ਦੇ ਤਸੀਹੇ ਹਨ, ਬੇ-ਤਰਸ ਘੋਲ ਹਨ, ਹਾਰਾਂ ਹਨ, ਜਿੱਤਾਂ ਹਨ, ਅੰਤਰ-ਰਾਸ਼ਟਰੀਅਤਾ ਹੈ । ਵੱਡੀਆਂ ਰਾਜ ਕਰਦੀਆਂ ਪਾਰਟੀਆਂ ਹਨ । ਕਈਆਂ ਦੇਸ਼ਾਂ ਵਿਚ ਮੋਹਰੀ ਪਾਰਟੀਆਂ ਹਨ । ਹੋਰ ਕਈ ਕੁਝ ਹੈ । ਫਿਰ ਕੀ ਕਾਰਨ ਹੈ ਕਿ ਇਹ ਨਿਰਣਾ ਨਾ ਹੋ ਸਕੇ ਕਿ ਭਾਰਤ ਵਿਚ ਕਿਹੜੀ ਕਮਿਊਨਿਸਟ ਪਾਰਟੀ ਹੈ ? ਜਦ ਇਹ ਨਿਰਨਾ ਹੋ ਜਾਵੇਗਾ ਫਿਰ ਉਸ ਪਾਰਟੀ ਨੂੰ ਸੂਤਰ ਕਰਨ ਵਿਚ ਸਾਡਾ ਸਹਿਯੋਗ ਸਫ਼ਲ ਹੋ ਸਕਦਾ ਹੈ ਅਤੇ ਸਾਡੇ ਨਿਸ਼ਾਨੇ ਉਤੇ ਪੈਂਦੇ ਲੇਖ ਸਾਧਾਰਨ ਕਾਮਰੇਡਾਂ ਨੂੰ ਹੀ ਨਹੀਂ, ਸਾਧਾਰਨ ਲੋਕਾਂ ਨੂੰ ਵੀ ਉਤਸ਼ਾਹ ਦੇਣਗੇ ।

ਲਫ਼ਜ਼ਾਂ ਦੀਆਂ ਗੁੰਝਲਾਂ ਤੇ ਜਾਦੂਗਰੀਆਂ ਅਤੇ ਠੁੱਲੇ ਠੁੱਲੇ ਸ਼ਬਦਾਂ ਨੇ ਖੁਸ਼ਹਾਲੀ ਲਿਆ ਨਹੀਂ ਦੇਣੀ । ਇਹ ਤਾਂ ਸਿਰਫ਼ ਆਪਣੀ ਕਾਬਲੀਅਤ ਦੀ ਪਰਦਸ਼ਨੀ ਹੀ ਰਹੇਗੀ ।

ਜਾਂ ਫਿਰ ਇਹ ਸੋਚਿਆ ਜਾ ਸਕਦਾ ਹੈ ਕਿ ਅਜੇ ਭਾਰਤ ਵਿਚ ਕੋਈ ਕਮਿਊਨਿਸਟ ਪਾਰਟੀ ਹੈ ਹੀ ਨਹੀਂ । ਸਾਰੇ ਮਾਰਕਸੀ ਗਰੁੱਪ ਹੀ ਹਨ । ਪਾਰਟੀ ਅਜੇ ਬਣੇਗੀ । ਬੇ-ਮੰਜ਼ਲੀ ਦੌੜ ਦੌੜੀ ਜਾਉ, ਆਪੇ ਰਾਹ ਲੱਭ ਪਏਗਾ । ਪਰ ਇਹੋ ਜਿਹੀ ਸੋਚ ਤਾਂ ਬੁਰਜਵਾਜ਼ੀ ਦੀ ਪਾਰਟੀ ਬਾਰੇ ਹੋ ਸਕਦੀ ਹੈ । ਜਾਂ ਫਿਰ ਅਜਿਹੀ ਸੋਚ ਪਾਰਟੀਆਂ ਵਿਚ ਅਤੇ ਬੁਧੀਜੀਵੀਆਂ ਵਿਚ ਅਜਾਰੇਦਾਰਾਂ ਤੇ ਸਾਮਰਾਜੀਆਂ ਦੇ ਏਜੰਟਾਂ, ਲੀਡਰੀ ਦੇ ਭੁੱਖਿਆਂ ਤੇ ਭੁੱਲੜਾਂ ਦੀ ਹੋ ਸਕਦੀ ਹੈ, ਕਿਉਂਕਿ ਮਾਰਕਸ ਤੇ ਕਹਿੰਦਾ ਹੈ ਹਵਾ ਵਿਚ ਹੱਥ ਮਾਰੇ ਦਾ ਵੀ ਕੋਈ ਐਕਸ਼ਨ ਹੁੰਦਾ ਹੈ । ਤਾਂ ਫਿਰ ਚਾਲ੍ਹੀ ਸਾਲੋਂ ਉਤੇ ਜਾ ਰਹੀ ਇਹ ਤਹਿਰੀਕ ਖ਼ਾਲਮ-ਖ਼ਾਲੀ ਕੀਕਰ ਹੋਈ ? (ਚਲਦਾ)

—ਜਸਵੰਤ ਸਿੰਘ ਰਾਹੀ





S E D H (DIRECTION) JANUARY, 1979
Registered with the Registrar of Newspapers
for India—Registration No 23895/72 Regd. No. D (S) 022

